

# ਅੰਮ੍ਰਿਤ ਕੀਰਤਨ

ਫਰਵਰੀ 2013



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



# ਪੈਂਤੀ ਅੱਖਰੀ-ਕਾਫ਼ੀਆਂ

## ਚ

ਚੰਚਲ, ਬੁੱਧੀ ਟਿੱਕ ਨਾ ਬਹਿੰਦੀ
ਉਡਦੀ ਫਿਰੇ ਆਕਾਸ਼ਾਂ ਹੂ।

ਨਾਮ ਹਰੀ ਦਾ ਮੂਲ ਨ ਜਪਿਆ
ਲਾਈਆਂ ਵੱਡੀਆਂ ਆਸਾਂ ਹੂ।

ਮਨ ਦਾ ਘੋੜਾ ਨਸਿਆ ਫਿਰਦਾ
ਵੱਡੀਆਂ ਖੁੱਲ੍ਹੀਆਂ ਰਾਸਾਂ ਹੂ।

ਸੰਤੋਖ ਰਬ ਦਰ ਤੇਰਾ ਛਡ ਕੇ
ਹੋਰ ਕਿਹੜੇ ਦਰ ਜਾਸਾਂ ਹੂ।

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

ਆਨਰੇਰੀ ਸਲਾਹਕਾਰ
**ਸ: ਹਰਚੰਦਨ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ

ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**

## ਇਸ ਅੰਕ ਵਿਚ

ਮ੍ਰਿਤ ਅਸਾਡੜੇ ਸੇਈ 4

ਕਰਉ ਬੇਨੰਤੀਆ-ਇਕ ਸੁਨਹਿਰੀ ਗੁਰ 6

ਭਾਈ ਮਰਦਾਨਾ ਜੀ
ਹਰਪ੍ਰੀਤ ਸਿੰਘ ਨਾਜ਼ 9

ਸੰਗੀਤ ਜਗਤ ਦਾ 'ਰਵੀ' - ਅਸਤ ਜਾਂ ਉਜਾਗਰ
*ਚਰਨਜੀਤ ਸਿੰਘ 15

ਸੰਗੀਤ ਸਾਹਿਤ ਪਰੀਚੈ
ਰਿਸ਼ਪਾਲ ਸਿੰਘ 19

**ਗੁਰਮਤਿ ਸੰਗੀਤ ਦੀ ਵਿਲੱਖਣਤਾ**
ਡਾ. ਹਰਜਸ ਕੌਰ 21

ਸੁਰ ਲਿਪੀ - ਡਾ. ਜਬਰਜੰਗ ਸਿੰਘ 25

**ਮਾਇਕ ਸਹਾਇਤਾ ਭੇਜਣ ਦੀ ਕ੍ਰਿਪਾ ਕਰੋ ਜੀ**

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ

Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

# ਮਿਤ੍ਰ ਅਸਾਡੜੇ ਸੇਈ

ਅੰਮ੍ਰਿਤ ਕੀਰਤਨ ਦਸੰਬਰ 2012 ਅੰਕ ਮਿਲਿਆ। ਆਕਾਰ ਵਿਚ ਭਾਵੇਂ ਛੋਟਾ ਹੈ, ਪਰ ਸਵਾਦ ਪੱਖੋਂ ਬੜਾ ਮੁੱਲਵਾਨ ਹੈ। ਇਤਿਹਾਸ ਖਾਨਦਾਨ ਭਾਈ ਸਾਹਿਬ ਰਈਸ ਬਾਗੜੀਆ ਲਿਖਣ ਤੇ ਡਾ. ਰਵਿੰਦਰ ਕੌਰ ਰਵੀ ਜੀ ਨੂੰ ਮੁਬਾਰਕਾਂ। ਮੈਂ ਉਹਨਾਂ ਦੇ ਮਾਣ ਅਤੇ ਪਰਿਵਾਰ ਵਿਚ ਵਿਆਹੇ ਸ: ਸਰਦੂਲ ਸਿੰਘ ਕਵੀਸ਼ਰ (1886-1963) ਜੀ ਜਿਹੜੇ ਕਿ ਮਹਾਂ ਵਿਦਵਾਨ ਹੋਣ ਦੇ ਨਾਤੇ ਸਿੱਖਾਂ ਦੇ ਮੌਲਾਨਾ ਅਲਦੁਲ ਕਲਾਮ ਆਜ਼ਾਦ ਕਰ ਕੇ ਜਾਣੇ ਜਾਂਦੇ ਸਨ, ਜੀ ਨੂੰ ਮਿਲਦਾ ਰਿਹਾ ਹਾਂ। ਬਹੁਤ ਵੱਡੇ ਵਿਦਵਾਨ ਸਨ, ਬੜੇ ਫਖਰ ਨਾਲ ਦੱਸਦੇ ਹੁੰਦੇ ਸਨ ਕਿ ਪ੍ਰੋ: ਤੇਜਾ ਸਿੰਘ (ਪਿੱਛੋਂ ਪ੍ਰਿੰਸੀਪਲ) ਨੂੰ ਲਿਖਣ ਵਲ ਮੈਂ ਹੀ ਲਾਇਆ ਸੀ।

ਡਾ. ਹਰਜਸ ਕੌਰ ਜੀ ਜਦ ਵੀ ਲਿਖਦੇ ਹਨ, ਹਮੇਸ਼ਾ ਖੂਬਸੂਰਤ ਹੁੰਦਾ ਹੈ, ਵਿਸ਼ਲੇਸ਼ਨ ਪੱਖੋਂ ਦਮਦਾਰ। ਅਗਲਾ ਲੇਖ ਸੰਗੀਤ ਪ੍ਰਕਾਸ਼ਨਾਂ ਦਾ ਇਤਿਹਾਸ ਅਤੇ ਵਿਕਾਸ ਵੱਲੋਂ ਰਿਸ਼ਪਾਲ ਸਿੰਘ ਪੜ੍ਹ ਕੇ ਰੂਹ ਨਸ਼ਿਆ ਗਈ। ਮੈਨੂੰ ਖੁਸ਼ੀ ਹੈ ਕਿ ਇਸ ਖੇਤਰ ਵਿਚ ਅਜਕੱਲ ਸਾਡੇ ਕੁਝ ਅਜਿਹੇ ਨੌਜਵਾਨ ਕੁੱਦ ਚੁੱਕੇ ਹਨ, ਜਿਹਨਾਂ ਤੇ ਸਾਨੂੰ ਬਹੁਤ ਵੱਡੀਆਂ ਆਸਾਂ ਹਨ।

ਵਿਦਵਾਨ ਲੇਖਕ ਨੇ ਮੱਧ-ਕਾਲ ਵਿਖ ਲਿਖੇ/ਛਪੇ ਕਾਰਜਾਂ ਤੇ ਸੋਹਣੀ ਝਾਤ ਪਾਈ ਹੈ। ਸਾਡੀ ਜਾਚੇ ਅਠਾਰਵੀਂ ਸਦੀ 'ਚ ਸਾਡੇ ਸੰਗੀਤ ਵਿਚ ਅੰਗਰੇਜ਼ ਵਿਦਵਾਨਾਂ ਨੇ ਵੀ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ ਸੀ। ਸਰ ਵਿਲੀਅਮ ਜੇਮਜ਼ ਨੇ ਜਿਸਨੂੰ ਹਿੰਦੁਸਤਾਨ ਦੀਆਂ ਤੇਰਾਂ ਚੌਦਾਂ ਭਾਸ਼ਾਵਾਂ ਆਉਂਦੀਆਂ ਸਨ, 1784 ਈ: ਵਿਚ ਰਾਗ ਵਿਬੋਧ ਬਾਰੇ ਆਪਣੇ ਖਿਆਲਾਂ ਦਾ ਪ੍ਰਗਟਾਵਾਂ ਇਸ ਤਰ੍ਹਾਂ ਕੀਤਾ ਸੀ,

ਲੇਖਕ ਨੇ ਹਿੰਦੀ ਭਾਸ਼ਾਈ ਪੁਸਤਕਾਂ ਬਾਰੇ ਲਿਖਿਆ ਹੈ ਕਿ ਉਤਸਾਦ ਮੌਲਾ ਬਖਸ਼ ਇਸ ਕੰਮ ਵਿਚ ਪਹਿਲੇ ਸਨ। ਜ਼ਿਕਰਯੋਗ ਹੈ ਕਿ ਰਿਆਸਤ ਬੜੋਦਾ ਦੀ ਸੰਗੀਤ ਯੂਨੀਵਰਸਿਟੀ ਉਹਨਾਂ ਦੀ ਹਵੇਲੀ ਵਿਚ ਹੀ ਖੋਲ੍ਹੀ ਗਈ ਸੀ ਜਿਸਦੀ ਇਕ ਦੁਰਲਭ ਤਸਵੀਰ ਸਾਡੇ ਪਾਸ ਹੈ। ਫਿਰ ਉਹਨਾਂ ਦੇ ਜੁਆਈ ਸੂਫੀ ਇਨਾਇਤ ਖਾਂ ਨੇ ਯੂਰਪੀ ਦੇਸ਼ਾਂ ਵਿਚ ਭਾਰਤੀ ਸੰਗੀਤ ਦਾ ਬੜਾ ਪ੍ਰਚਾਰ ਕੀਤਾ। ਪੰਡਿਤ ਭਾਤਖੰਡੇ ਜੀ ਨੇ ਜਦੋਂ ਸੰਗੀਤ ਕਾਨਫਰੰਸਾਂ ਕਰਵਾਉਣ ਦਾ ਬੀੜਾ ਚੁੱਕਿਆ ਤਾਂ 1918 ਵਿਚ ਹੋਈ ਦਿੱਲੀ ਵਾਲੀ ਕਾਨਫਰੰਸ ਵਿਚ ਉਹਨਾਂ ਨੇ ਹਿੰਦੁਸਤਾਨੀ ਸੰਗੀਤ ਤੇ ਬੜਾ ਖੂਬਸੂਰਤ ਪਰਚਾ ਲਿਖਿਆ ਸੀ ਫਿਰ ਰੀਕਾਰਡ ਭਰਨ ਦਾ ਦੌਰ ਆਇਆ ਤਾਂ ਉਹਨਾਂ ਦੇ ਘਰਾਣੇ ਵਿਚੋਂ ਹੀ ਇਕ ਫੰਨਕਾਰ ਦੇ ਤਵੇ ਤੇ The Modern Tan Sen of India ਦਾ ਠੱਪਾ ਲੱਗਾ ਸੀ। ਵਿਦਵਾਨ ਲੇਖਕ ਨੇ ਸਿਤਾਰ ਸਿਕਸ਼ਾ ਬਾਰੇ ਰਚੀ ਗਈ ਕਿਤਾਬ ਦਾ ਜ਼ਿਕਰ ਵੀ ਕੀਤਾ ਹੈ। ਅਸਲ ਵਿਚ ਇਸ ਵਿਸ਼ੇ 'ਤੇ ਉਦੋਂ ਕੁ ਦੋ ਤਿੰਨ ਕਿਤਾਬਾਂ ਹੀ ਛਪੀਆਂ ਸਨ ਜਿਵੇਂ

ਕਿ 'ਕਾਨੂੰਨਿ-ਸਿਤਾਰ'-ਮੁਹੰਮਦ ਸਫਦਰ ਹੁਸੈਨ ਖਾਂ, 'ਨਗਮਾਤਿ-ਸਿਤਾਰ' ਰਹੀਮ ਬੇਗ ਇਬਨ ਬਾਕਰ ਬੇਗ (1894 ਈ:) ਅਤੇ 'ਤਹਿਸੀਲਿ-ਸਿਤਾਰ'-ਰਹੀਮ ਬੇਗ ਖੈਰਾਬਾਦੀ। ਸਿਤਾਰ ਦੀ ਗੱਲ ਕਰਦਿਆਂ ਸਾਡੇ ਕੋਲੋਂ ਪਿਛਲੇ ਦਿਨੀਂ ਵਿਛੜ ਚੁੱਕੇ ਪੰਡਿਤ ਰਵੀ ਸ਼ੰਕਰ (1920-2012) ਜੀ ਵੱਲੋਂ ਅੰਗਰੇਜ਼ੀ ਵਿਚ ਲਿਖੀ ਗਈ ਕਿਤਾਬ My Music, My Life (ਲੰਡਨ 1969) ਦਾ ਜ਼ਿਕਰ ਨਾ ਕਰਨਾ ਅਪਰਾਧ ਜਿਹੇ ਵਰਗੀ ਗੱਲ ਹੋਵੇਗੀ। ਬੜੀ ਖੂਬਸੂਰਤ ਕਿਤਾਬ ਹੈ। ਲੇਖਕ ਨੇ ਹਰਮੋਨੀਅਮ ਤੇ ਲਿਖੀਆਂ ਕਿਤਾਬਾਂ ਦਾ ਜ਼ਿਕਰ ਵੀ ਕੀਤਾ ਹੈ। ਏਥੇ ਦੱਸਦੇ ਚੱਲੀਏ ਕਿ 1888 ਵਿਚ ਅੰਮ੍ਰਿਤਸਰ ਦੇ ਸਰਦਾਰ ਖੇਮ ਸਿੰਘ ਨੇ, ਬਦੇਸ਼ੀ ਹਾਰਮੋਨੀਅਮ ਬਦਲ ਵਜੋਂ ਪੰਜਾਬ ਵਿਚ ਜਦੋਂ ਪਹਿਲਾ ਬਾਜਾ ਤਿਆਰ ਕੀਤਾ ਤਾਂ ਉਸ ਪਿੱਛੋਂ ਮਗਰੇ ਹੀ ਇਸ ਨਵੇਂ ਸਾਜ਼ ਤੇ ਕਿਤਾਬਾਂ ਛਪਣੀਆਂ ਸ਼ੁਰੂ ਹੋ ਗਈਆਂ ਸਨ। ਜਿਵੇਂ ਕਿ 'ਹਰਮੋਨੀਅਮ ਸਿੱਖਿਆ' ਨੰਦ ਲਾਲ ਲਾਹੌਰ ਵਾਲੇ 1984 ਈ 'ਹਰਮੋਨੀਅਮ ਗਾਈਡ'-ਭਾਈ ਪ੍ਰਤਾਪ ਸਿੰਘ ਲਾਹੌਰ 1920। ਉਸ ਵਿਚ ਲਿਖਿਆ ਇਕ ਦੋਹਾ ਮੁਲਾਹਜ਼ਾ ਫਰਾਮਾਉ:

ਰਾਗ ਵਿੱਦਿਆ ਅਤਿ ਕਠਨ, ਉਸਕਾ ਪਾਰ ਨਾ ਵਾਰ, ਤੁਮਰੀ ਕਿਰਪਾ ਪ੍ਰਤੀ ਭੂਰਚੋਂ, ਗ੍ਰੰਥ ਸਿਖ ਕਾਰ।

ਦਿੱਲੀ ਘਰਾਣੇ ਦੇ ਉਸਤਾਦ ਚਾਂਦ ਖਾਂ, ਜਿਹੜੇ ਪਟਿਆਲਾ ਦਰਬਾਰ ਨਾਲ ਜੁੜੇ ਹੋਏ ਸਨ, ਨੇ ਵੀ ਕਦੇ ਇਸ ਵਿਸ਼ੇ ਤੇ ਲਿਖਿਆ ਆਪਣਾ ਇਕ ਕਿਤਾਬਚਾ ਇਸ ਲੇਖਕ ਨੂੰ ਭੇਂਟ ਕੀਤਾ ਸੀ ਸੰਗੀਤ ਤੇ ਲਿਖੀਆਂ ਕਿਤਾਬਾਂ ਦਾ ਆਪਣਾ ਮਹਾਤਮ ਹੈ ਅਤੇ ਪੱਤਰਕਾਵਾਂ ਦਾ ਆਪਣਾ ਹਾਥਰਸ ਯੂ. ਪੀ. ਵਾਲੇ ਇਸ ਕੰਮ ਵਿਚ ਮੋਹਰੀ ਹਨ, ਪਰ ਸਾਡੇ ਅਨੁਭਵ, ਜ਼ਮਨਾ ਪਾਰ ਕਰਦਿਆਂ ਹੀ, ਪੰਜਾਬ ਦੇ ਸੰਗੀਤ ਦੀ ਗੱਲ ਕਰਨ ਲੱਗਿਆਂ, ਕਦੇ ਕਦੇ ਵਿਚ ਡੰਡੀ ਮਾਰ ਦਿੰਦੇ ਹਨ ਜਦਿ ਇਸਦੇ ਉਲਟ ਸੰਗੀਤ ਕਲਾ ਵਿਹਾਰ ਦੇ ਸੰਪਾਦਕ ਪ੍ਰੋਫੈਸਰ ਦੇਉਧਰ, ਇਸ ਪ੍ਰਤੀ ਬੜੇ ਸੁਚੇਤ ਵੀ ਹਨ ਅਤੇ ਸੁਹਿਰਦ ਵੀ। ਸੁਣਿਆ ਸੀ ਕਿ ਕਦੇ ਸੰਗੀਤ ਤੇ ਇਕ ਪਰਚਾ ਪੰਡਿਤ 'ਸੰਗੀਤਤਾਸ੍ਰਿਤ ਪ੍ਰਵਾਹ' ਪੰਡਿਤ ਵਿਸ਼ਨੂੰ ਦਿਗੰਬਰ ਨੇ ਵੀ ਕੱਢਿਆ ਸੀ ਅਤੇ ਇਕ ਹੋਰ ਪਰਚਾ ਕਦੇ ਝਾਂਸੀ ਤੋਂ ਵੀ ਨਿਕਲਿਆ ਸੀ। ਮੈਨੂੰ ਸਭ ਤੋਂ ਵੱਧ ਖੁਸ਼ੀ ਇਸ ਗੱਲ ਦੀ ਹੋਈ ਜਦੋਂ ਰਿਸ਼ਪਾਲ ਸਿੰਘ ਨੇ ਸਾਡੇ ਸਭ ਤੋਂ ਪਹਿਲੇ ਛਪਦੇ ਪਰਚੇ ਦਾ ਜ਼ਿਕਰ ਵੀ ਕੀਤਾ ਜਿਸਦੇ ਸੰਪਾਦਕ ਪਟਿਆਲਾ ਦੇ ਭਾਈ ਰਵੇਲ ਸਿੰਘ (ਮ੍ਰਿਤੂ 2009) ਜੀ ਸਨ। ਯਾਦ ਕਰਦਿਆਂ ਕਿ 1954 ਵਿਚ ਅੰਮ੍ਰਿਤਸਰ ਵਿਖੇ ਜਦੋਂ ਗੁਰੂ ਰਾਮ ਦਾਸ ਸੰਗੀਤ ਵਿੱਦਿਆਲਾ ਦਾ ਉਦਘਾਟਨੀ ਸਮਾਰੋਹ ਸੀ ਤਾਂ ਰਾਜਾ ਮ੍ਰਿਗੇਂਦ੍ਰ ਸਿੰਘ ਜੀ ਵਾਲੀਏ ਪਟਿਆਲਾ ਦੇ ਨਾਲ ਦਿਲਰੁਬਾ ਤੇ ਭਾਈ ਹਰਨਾਮ ਸਿੰਘ (ਮ੍ਰਿਤੂ 1980) ਅਤੇ ਹਰਮੋਨੀਅਮ ਤੇ ਭਾਈ ਰਵੇਲ ਸਿੰਘ ਸੰਗਤ ਕੀਤੀ ਸੀ।

ਅੰਤ ਵਿਚ ਇਕ ਵਾਰ ਫਿਰ ਤੁਹਾਨੂੰ ਅੰਮ੍ਰਿਤ ਕੀਰਤਨ ਦੇ ਲਿਖਾਰੀਆਂ ਨੂੰ ਪਰਚੇ ਦਾ ਮਿਆਰ ਉੱਚਾ ਰੱਖਣ ਲਈ ਲੱਖ ਲੱਖ ਵਧਾਈਆਂ ਪੇਸ਼ ਕਰਦਾ ਹਾਂ।

ਬਲਵੀਰ ਸਿੰਘ ਕੰਵਲ, E-mail : balbirkanwal@gmail.com

**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਇਕ ਸੁਨਹਿਰੀ ਗੁਰ

ਨਵਾਂ ਸਾਲ ਸ਼ੁਰੂ ਹੋ ਗਿਆ ਹੈ। ਉਂਝ ਤਾਂ ਤੁਸੀਂ ਕਦੀ ਚਾਹੋ ਆਪਣਾ ਸਾਲ ਆਰੰਭ ਕਰ ਸਕਦੇ ਹੋ, ਜਿਵੇਂ ਕਿ : ਪਹਿਲੀ ਜਨਵਰੀ ਤੋਂ ਜਾਂ ਆਪਣੇ ਜਨਮ ਦਿਨ ਤੋਂ। ਪਰੰਤੂ ਜੇਕਰ ਸਾਰੀ ਦੁਨੀਆਂ ਹੀ ਨਵਾਂ ਸਾਲ ਪਹਿਲੀ ਜਨਵਰੀ ਤੋਂ ਸ਼ੁਰੂ ਕਰਦੀ ਹੈ, ਤਾਂ ਅਸੀਂ ਵੀ ਕਿਉਂ ਨਾ ਪਹਿਲੀ ਜਨਵਰੀ ਤੋਂ ਹੀ ਨਵਾਂ ਸਾਲ ਸ਼ੁਰੂ ਕਰੀਏ।

ਅੱਜ ਕੱਲ ਸਰਦੀਆਂ ਦਾ ਮੌਸਮ ਹੈ। ਕੁਦਰਤ ਚਾਰੇ ਪਾਸੇ ਠੰਢ ਵਰਤਾ ਰਹੀ ਹੈ, ਪਰ ਮਨੁੱਖ ਵੀ ਆਪਣੇ ਆਪ ਨੂੰ ਸਰਦੀ ਤੋਂ ਬਚਾਉਣ ਲਈ ਬਹੁਤ ਸਾਰੇ ਗੈਰ ਕੁਦਰਤੀ ਸਾਧਨ ਵਰਤੀ ਜਾਂਦਾ ਹੈ। ਆਪਣੇ ਸਰੀਰ ਨੂੰ ਸਰਦੀ ਦੇ ਅਨੁਕੂਲ ਨਹੀਂ ਬਣਾਉਣਾ ਚਾਹੁੰਦਾ। ਪਰਮਾਤਮਾ ਨੇ ਇਸ ਨੂੰ ਦਿਮਾਗ ਦਿੱਤਾ ਹੈ। ਮਨ ਚਾਹੁੰਦਾ ਤਾਂ ਬਹੁਤ ਕੁਝ ਹੈ, ਪਰ ਇਹ ਆਪਣੀ ਚਾਹਤ ਬਦਲੇ ਕੁਝ ਛੱਡਣ ਲਈ ਤਿਆਰ ਨਹੀਂ ਹੁੰਦਾ। ਜਿਵੇਂ ਕਿ ਕਿਸੇ ਕੋਲ ਐਸ਼ੋ-ਇਸ਼ਰਤ ਦਾ ਸਾਮਾਨ ਵੇਖ, ਇਹ ਵੀ ਉਸ ਦੀ ਇੱਛਾ ਕਰਦਾ ਹੈ ਪਰ ਉਸ ਸਾਮਾਨ ਨੂੰ ਪ੍ਰਾਪਤ ਕਰਨ ਲਈ ਧਨ ਦੀ ਲੋੜ ਹੈ ਤੇ ਧਨ ਲਈ ਮਿਹਨਤ ਕਰਨੀ ਪੈਂਦੀ ਹੈ।

ਇਹ ਮਿਹਨਤ ਕਰਨਾ ਹੀ ਨਹੀਂ ਚਾਹੁੰਦਾ ਥੋੜ੍ਹੀ ਮਿਹਨਤ ਕਰਕੇ ਪ੍ਰਾਪਤੀ ਵਧੇਰੇ ਕਰਨਾ ਚਾਹੁੰਦਾ ਹੈ।

ਜਿਵੇਂ ਕਿਸੇ ਵੱਡੇ ਕੀਰਤਨੀਏ ਦਾ ਕੀਰਤਨ ਸੁਣਿਆ, ਉਸ ਦੀ ਸੋਭਾ ਵੇਖੀ ਤੇ ਆਪ ਵੀ ਉਹੋ ਜਿਹਾ ਬਣਨ ਦੀ ਇੱਛਾ ਪੈਦਾ ਹੋ ਗਈ ਪਰ ਇਹ ਨਾ ਵਿਚਾਰਿਆ ਕਿ ਉਸ ਨੇ ਕਿੰਨੀ ਕਠਿਨ ਘਾਲਣਾ ਘਾਲੀ ਹੈ। ਭਾਵੇਂ ਪਰਮਾਤਮਾ ਦੀ ਕਿਰਪਾ ਵੀ ਬੜੀ ਜ਼ਰੂਰੀ ਹੈ, ਪਰ ਉਸ ਦੀ ਕਿਰਪਾ ਦਾ ਪਾਤਰ ਬਣਨ ਲਈ ਵੀ ਆਪਣੇ ਆਪ ਨੂੰ ਤਿਆਰ ਕਰਨਾ ਪੈਂਦਾ ਹੈ।

ਸਰਦੀਆਂ ਦਾ ਇਹ ਮੌਸਮ ਉਸ ਤਿਆਰੀ ਲਈ ਬੜਾ ਚੰਗਾ ਮੌਸਮ ਹੈ। ਇਸ ਮੌਸਮ ਦੌਰਾਨ ਮੈਨੂੰ ਵੀ ਕਿਸੇ ਸਿਆਣੇ ਨੇ ਕੁਝ ਬਣਨ ਲਈ ਮਿਹਨਤ ਕਰਨ ਦਾ ਇਕ ਗੁਰ ਦੱਸਿਆ ਸੀ। ਇਹ ਬੜੇ ਰਾਜ਼ ਵਾਲਾ ਗੁਰ ਹੈ, ਜੋ ਹਰ ਕਿਸੇ ਨੂੰ ਨਹੀਂ ਦੱਸਿਆ ਜਾ ਸਕਦਾ।

ਪਰ ਤੁਸੀਂ 'ਅੰਮ੍ਰਿਤ ਕੀਰਤਨ' ਦੇ ਪਾਠਕ ਤਾਂ ਮੇਰੇ ਆਪਣੇ ਹੋ, ਇਸ ਲਈ ਮੈਂ ਤੁਹਾਡੀ ਕਾਮਯਾਬੀ ਦੀ ਹਰ ਵੇਲੇ ਕਾਮਨਾ ਕਰਦਾ ਹਾਂ। ਇਹ ਗੁਰ ਤੁਹਾਡੇ ਨਾਲ ਤਾਂ ਸਾਂਝਾ ਕੀਤਾ ਜਾ ਸਕਦਾ ਹੈ, ਜੇ ਤੁਸੀਂ ਚੰਗੇ ਕੀਰਤਨੀਏ ਬਣਨਾ ਚਾਹੁੰਦੇ ਹੋ। ਇਹ ਗੁਰ ਨਿਸਚੇ ਹੀ ਤੁਹਾਡੇ ਜੀਵਨ ਵਿਚ ਬੜਾ ਕੰਮ ਆਵੇਗਾ।

ਚੰਗਾ ਕੀਰਤਨੀਆ ਬਣਨ ਲਈ ਚਾਰ ਗੁਣਾਂ ਦੀ ਬਹੁਤ ਲੋੜ ਹੈ। ਇਹਨਾਂ ਤੋਂ ਬਿਨਾਂ ਚੰਗਾ ਕੀਰਤਨੀਆਂ ਬਣਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ ਜਿਵੇਂ ਕਿ :

1. ਸੁਰ-ਰਾਗ
2. ਲੈਅ-ਤਾਲ
3. ਗੁਰਬਾਣੀ ਦਾ ਗਿਆਨ
4. ਸ਼ਰਧਾ

ਸੁਰ ਦਾ ਅਰਥ ਹੈ, ਸੁਰੀਲੀ ਆਵਾਜ਼। ਸੁਰੀਲੀ ਆਵਾਜ਼ ਦਾ ਭਾਵ ਕਿ ਜਿਹੜੀ ਆਵਾਜ਼ ਸੁਰਾਂ ਅਨੁਸਾਰ ਹੋਵੇ। ਸ਼ੁੱਧ, ਕੋਮਲ, ਤੀਬਰ, ਮੰਦਰ, ਮਧ, ਤਾਰ ਸੁਰਾਂ ਆਵਾਜ਼ ਜਾ ਸਕੇ। ਕਿਉਂਕਿ ਸੁਰਾਂ ਤੋਂ ਹੀ ਰਾਗ ਬਣਦੇ ਹਨ। ਇਸ ਪ੍ਰਕਾਰ ਜੋ ਵੀ ਸ਼ਬਦ ਅਸੀਂ ਗਾਵਾਂਗੇ ਉਹ ਕਿਸੇ ਨਾ ਕਿਸੇ ਰਾਗ ਵਿਚ ਹੀ ਹੋਵੇਗਾ ਭਾਵੇਂ ਸਾਨੂੰ ਉਸ ਰਾਗ ਦਾ ਪਤਾ ਹੋਵੇ ਜਾਂ ਨਾ ਹੋਵੇ। ਪਰ ਰਾਗ ਦੇ ਗਿਆਨ ਤੋਂ ਬਿਨਾਂ ਸੁੰਦਰ ਤੇ ਪ੍ਰਭਾਵਸ਼ਾਲੀ ਰੀਤਾਂ ਨਹੀਂ ਬਣ ਸਕਦੀਆਂ। ਇਕ ਤੇ ਸ਼ਬਦ ਪ੍ਰਚਲਤ ਜਿਹੀਆਂ ਟਿਊਨਾਂ ਵਿਚ ਗਾਉਣ ਤੇ ਕੈਸਟਾਂ ਭਰਵਾਉਣ ਨਾਲ ਗੱਲ ਨਹੀਂ ਬਣ ਸਕਦੀ, ਕਿਉਂਕਿ ਜਿਸ ਪ੍ਰਕਾਰ ਮਕਾਨ ਨੂੰ ਬਣਾਉਣ ਲਈ ਪਹਿਲਾਂ ਨੀਂਹ ਪੱਕੀ ਕਰਨੀ ਪੈਂਦੀ ਹੈ ਉਸੇ ਤਰ੍ਹਾਂ ਚੰਗੇ ਕੀਰਤਨੀਏ ਬਣਨ ਲਈ ਕੀਰਤਨ ਦੀ ਗਹਿਰਾਈ ਤਕ ਪਹੁੰਚਣ ਲਈ ਰਾਗਾਂ ਦਾ ਗਿਆਨ ਹੋਣਾ ਬਹੁਤ ਹੀ ਜ਼ਰੂਰੀ ਹੈ। ਇਸ ਤੋਂ ਇਲਾਵਾ ਤੁਹਾਨੂੰ ਮਹਾਨ ਕੀਰਤਨੀਏ ਭਾਈ ਸਮੁੰਦ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਸੰਤਾ ਸਿੰਘ, ਭਾਈ ਸੁਰਜਨ ਸਿੰਘ, ਭਾਈ ਪਿਆਰਾ ਸਿੰਘ ਆਦਿ ਦਾ ਕੀਰਤਨ ਸੁਣ ਕੇ ਵੀ ਕੀਰਤਨ ਦੀ ਗਹਿਰਾਈ ਦਾ ਕੁਝ ਥੋੜ੍ਹਾ ਜਿਹਾ ਗਿਆਨ ਹੋ ਜਾਵੇਗਾ। ਇਹ ਸਾਰੀਆਂ ਤਾਂ ਅਨੁਭਵ ਦੀਆਂ ਹੀ ਗੱਲਾਂ ਹਨ।

ਲੈਅ ਅਤੇ ਤਾਲ ਵੀ ਸੁਰ ਅਤੇ ਰਾਗ ਵਾਂਗ ਬੜੇ ਜ਼ਰੂਰੀ ਹਨ। ਲੈਅ ਅਤੇ ਤਾਲ ਲਈ ਵੀ ਰਿਆਜ਼ ਦੀ ਲੋੜ ਮਹਿਸੂਸ ਹੁੰਦੀ ਹੈ। ਗਾਉਣ ਵਾਲੇ ਦੇ ਕੀਰਤਨ ਵਿਚ ਵੰਨ-ਸੁਵੰਨਤਾ ਲਈ ਇਸ ਦਾ ਹੋਣਾ ਵੀ ਬਹੁਤ ਹੀ ਜ਼ਰੂਰੀ ਮੰਨਿਆ ਜਾਂਦਾ ਹੈ।

ਤੀਜਾ ਗੁਣ ਗੁਰਬਾਣੀ ਦਾ ਗਿਆਨ ਹੈ। ਇਹ ਉਹ ਵਸਤੂ ਹੈ ਜਿਹੜੀ ਸੁਰ-ਰਾਗ ਦੀ ਧਾਤ ਨਾਲ ਲੈਅ-ਤਾਲ ਦੇ ਆਕਾਰ ਨਾਲ ਤਿਆਰ ਕੀਤੇ ਭਾਂਡੇ ਵਿਚ ਪਰੋਸਣੀ ਹੈ। ਇਸ ਲਈ ਗੁਰਬਾਣੀ ਦਾ ਉਚਾਰਨ ਸ਼ੁੱਧ ਹੋਣਾ ਚਾਹੀਦਾ ਹੈ। ਸ਼ੁਧ ਉਚਾਰਨ ਉਦੋਂ ਤਕ ਨਹੀਂ ਹੋ ਸਕਦਾ ਜਦੋਂ ਤਕ ਕੀਰਤਨੀਏ ਨੂੰ ਗੁਰਬਾਣੀ ਦੇ ਅਰਥ ਨਹੀਂ ਆਉਂਦੇ। ਗੁਰਬਾਣੀ ਦੀ ਕਾਵਿ-ਕਲਾ ਦਾ ਗਿਆਨ ਨਹੀਂ ਹੁੰਦਾ। ਜੇ ਸ਼ਬਦ ਦੇ ਅਰਥ ਆਉਂਦੇ ਹੋਣ, ਕਾਵਿ-ਕਲਾ ਦਾ ਗਿਆਨ ਵੀ ਹੈ, ਤਾਂ ਉਚਾਰਨ ਪ੍ਰਭਾਵ ਆਪਣੇ ਆਪ ਹੀ ਪੈਦਾ ਹੋ ਜਾਂਦਾ ਹੈ।

ਚੌਥਾ ਗੁਣ ਸ਼ਰਧਾ ਦਾ ਦੱਸਿਆ ਹੈ। ਜੇ ਉਪਰੋਕਤ ਤਿੰਨਾਂ ਗੁਣਾਂ ਵਿਚ ਕੀਰਤਨੀਆ ਪ੍ਰਵੀਨ ਹੈ ਤੇ ਸ਼ਰਧਾ ਹੀ ਨਹੀਂ, ਤਾਂ ਕੀਰਤਨ ਵਿਚ ਵੱਡੀ ਘਾਟ ਰਹਿ ਹੀ ਜਾਂਦੀ ਹੈ ਕਿਉਂਕਿ ਬਿਨਾਂ ਸ਼ਰਧਾ ਤੋਂ ਪ੍ਰਭਾਵ ਪੈਂਦਾ ਹੀ ਨਹੀਂ। ਇਹ ਵੀ ਅਨੁਭਵ ਦੀ ਗੱਲ ਕਹੀ ਜਾ ਸਕਦੀ ਹੈ। ਜੇ ਸ਼ਰਧਾ ਹੋਵੇ ਤੇ ਸੁਰ-ਰਾਗ, ਲੈਅ-ਤਾਲ ਦੀਆਂ ਛੋਟੀਆਂ-ਛੋਟੀਆਂ ਊਣਤਾਈਆਂ ਆਪੇ ਹੀ ਢਕੀਆਂ ਜਾਂਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਸ਼ਰਧਾਵਾਨ ਕੀਰਤਨੀਆਂ ਸਤਿਗੁਰੂ ਦੀ ਬਾਣੀ ਗਾਉਣ ਲਈ ਸ਼ਰਧਾ ਨਾਲ ਹੀ ਸੁਰ-ਰਾਗ, ਲੈਅ-ਤਾਲ ਦੀ ਤਿਆਰੀ ਕਰਦਾ ਹੈ, ਉਹ ਊਣਤਾਈ ਰਹਿਣ ਹੀ ਨਹੀਂ ਦਿੰਦਾ। ਪਰ ਵੇਖਣ ਵਿਚ ਆਇਆ ਹੈ ਕਿ ਕਈ ਵਾਰ ਕੀਰਤਨੀਏ ਆਪਣਾ ਕੀਰਤਨ ਸਤਿਗੁਰਾਂ ਦੇ ਅਰਪਣ ਕਰਨ ਲਈ ਨਹੀਂ ਕਰਦੇ, ਸਗੋਂ ਕਿਸੇ ਖਾਸ ਸਰੋਤੇ ਤੇ ਪ੍ਰਭਾਵ ਪਾਉਣ ਲਈ, ਕਿਸੇ ਖਾਸ ਕੀਰਤਨੀਏ ਦੇ ਪ੍ਰਭਾਵ ਨੂੰ ਘੱਟ ਕਰਨ ਲਈ, ਆਪਣੀ ਕਲਾ ਦਾ ਵਿਖਾਵਾ ਕਰਨ ਲਈ ਜਾਂ ਕੇਵਲ ਮਾਇਆ ਇਕੱਠੀ ਕਰਨ ਲਈ ਹੀ ਕਰਦੇ ਹਨ। ਇਸ ਪ੍ਰਕਾਰ ਕੀਰਤਨ ਵਿਚੋਂ ਸ਼ਰਧਾ ਤਾਂ ਗਾਇਬ ਹੋ ਹੀ ਜਾਂਦੀ ਹੈ ਤੇ ਉਹ ਆਨੰਦ ਜਿਹੜਾ ਕੀਰਤਨ ਸੁਣ ਕੇ ਆਉਣਾ ਚਾਹੀਦਾ ਹੈ ਨਹੀਂ ਆਉਂਦਾ।

ਪਾਠਕੋ ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਹੋਰ-ਹੋਰ ਗੱਲਾਂ ਕਰੀ ਜਾ ਰਿਹਾ ਹੈ, ਗੁਰ ਤਾਂ ਦਸਦਾ ਹੀ ਨਹੀਂ ਪਿਆ। ਗੁਰ ਜਿਹੜਾ ਸਰਦੀਆਂ ਨਾਲ ਸੰਬੰਧ ਹੈ, ਉਹ ਗੁਰ ਤਾਂ ਦੱਸਣਾ ਹੀ ਹੈ ਜਿਹੜਾ ਮੈਨੂੰ ਕਿਸੇ ਸਿਆਣੇ ਨੇ ਦੱਸਿਆ ਸੀ। ਜੇ ਤੁਹਾਨੂੰ ਮੌਕਾ ਵੀ ਦੱਸ-ਦਿਆਂ ਕਿ ਇਹ ਗੁਰ ਮੈਨੂੰ ਕਦੋ ਦੱਸਿਆ, ਤਾਂ ਚੰਗਾ ਹੀ ਹੋਵੇਗਾ। ਇਹ ਗੱਲ 1974-75 ਦੀ ਹੈ। ਮੈਂ ਕਿਸੇ ਦੇ ਅਨੰਦ-ਕਾਰਜ ਸੰਬੰਧੀ ਕੀਰਤਨ ਕਰਨ ਲਈ ਚੰਡੀਗੜ੍ਹ ਦੇ ਨੇੜੇ ਪੰਚਕੂਲਾ ਵਿਚ ਗਿਆ ਸੀ। ਅਨੰਦ-ਕਾਰਜ ਦੀ ਰਸਮ ਪੂਰੀ ਕੀਤੀ ਤਾਂ ਲੜਕੇ ਵਾਲੇ ਕਹਿਣ ਲੱਗੇ ਕਿ ਬੱਚੇ-ਬੱਚੀ ਨੂੰ ਸਿੱਖਿਆ ਜ਼ਰੂਰ ਦਿੱਤੀ ਜਾਵੇ। ਮੈਂ ਸੁਭਾਵਿਕ ਹੀ ਇਹ ਵੀ ਕਹਿ ਦਿੱਤਾ, "ਸਾਧ-ਸੰਗਤ ਜੀ, ਮੇਰਾ ਅਜੇ

ਆਪਣਾ ਅਨੰਦ-ਕਾਰਜ ਨਹੀਂ ਹੋਇਆ, ਇਸ ਲਈ ਚੰਗਾ ਹੀ ਹੋਵੇ ਜੇ ਸੰਗਤ ਵਿਚੋਂ ਕੋਈ ਸੂਝਵਾਨ ਬਜ਼ੁਰਗ ਹੀ ਉਠ ਕੇ ਅਜਿਹੀ ਸਿੱਖਿਆ ਦੇਵੇ ਜੋ ਇਸ ਜੋੜੀ ਦੇ ਕੰਮ ਆਵੇ ਤੇ ਮੈਂ ਵੀ ਉਸ ਨੂੰ ਧਾਰਨ ਕਰ ਸਕਾਂ।"

ਉਸੇ ਵੇਲੇ ਇਕ ਸਾਧਾਰਨ ਜਿਹਾ ਵਿਅਕਤੀ ਜਿਸ ਨੇ ਖੱਦਰ ਦੇ ਕੱਪੜੇ ਪਾਏ ਹੋਏ ਸਨ, ਉੱਠਿਆ ਤੇ ਉਸ ਨੇ ਕਾਫੀ ਸਿੱਖਿਆ ਦਾਇਕ ਗੱਲਾਂ ਕਹੀਆਂ। ਬਾਦ ਵਿਚ ਮੈਨੂੰ ਇਹ ਵੀ ਪਤਾ ਲੱਗਾ ਕਿ ਉਹ ਸੱਜਣ ਇਕ ਮੈਗਜ਼ੀਨ ਦਾ ਐਡੀਟਰ ਵੀ ਹੈ। ਪਰ ਉਸ ਦੀ ਜਿਹੜੀ ਗੱਲ ਨੂੰ ਮੈਂ ਆਪਣੇ ਜੀਵਨ ਵਿਚ ਵਸਾਇਆ, ਉਹ ਤੁਹਾਡੇ ਨਾਲ ਸਾਂਝੀ ਕਰਦਾ ਹਾਂ। ਉਸ ਵਿਅਕਤੀ ਨੇ ਕਿਹਾ, "ਜੋ ਵੀ ਤੁਸੀਂ ਪ੍ਰਾਪਤ ਕਰਨਾ ਚਾਹੁੰਦੇ ਹੋ, ਉਸ ਲਈ ਤੁਹਾਨੂੰ ਮਿਹਨਤ ਕਰਨੀ ਪੈਣੀ ਹੈ।" ਉਹ ਮਿਹਨਤ ਕਰਨ ਲਈ ਸਮਾਂ ਚਾਹੀਦਾ ਹੈ। ਤੁਸੀਂ ਕਹੋਗੇ, ਕਿ ਸਾਡੇ ਕੋਲ ਸਮਾਂ ਹੈ ਨਹੀਂ। ਮੈਂ ਤੁਹਾਨੂੰ ਸਮਾਂ ਦਿੰਦਾ ਹਾਂ, ਜਿੰਨੇ ਵਜੇ ਤੁਸੀਂ ਹੁਣ ਉੱਠਦੇ ਹੋ ਉਸ ਤੋਂ ਇਕ ਘੰਟਾ ਪਹਿਲਾਂ ਉੱਠਣਾ ਸ਼ੁਰੂ ਕਰ ਦਿਉ। ਉਹ ਇਕ ਘੰਟਾ ਉਸ ਕੰਮ ਲਈ ਲਾ ਦਿਉ। ਫਿਰ ਤੁਹਾਨੂੰ ਕੋਈ ਵੀ ਕਾਮਯਾਬ ਹੋਣੋਂ ਨਹੀਂ ਰੋਕ ਸਕਦਾ।

ਮੇਰੇ ਪਾਠਕੋ, ਜੇ ਤੁਸੀਂ ਚੰਗੇ ਕੀਰਤਨੀਏ ਬਣਨਾ ਚਾਹੁੰਦੇ ਹੋ, ਤਾਂ ਤੁਸੀਂ ਵੀ ਸਵੇਰ ਵਾਲਾ ਇਕ ਘੰਟਾ ਕੱਢ ਲਵੋ। ਸਰਦੀਆਂ ਵਿਚ ਆਮ ਲੋਕ ਵਧੇਰੇ ਦੇਰ ਤਕ ਸੌਂਦੇ ਹਨ ਤੇ ਤੁਸੀਂ ਇਸ ਸਮੇਂ ਦਾ ਲਾਭ ਲੈ ਸਕਦੇ ਹੋ। ਸਵੇਰੇ ਉੱਠ ਕੇ ਮਿੱਠੀ-ਮਿੱਠੀ ਆਵਾਜ਼ ਵਿਚ ਸਹਿਜ ਨਾਲ ਰਿਆਜ਼ ਕਰੋ। ਜੇ ਬਹੁਤ ਕੁਝ ਨਹੀਂ ਕਰਨਾ ਚਾਹੁੰਦੇ ਤਾਂ ਆਪਣੇ-ਆਪ ਨੂੰ ਸੁਣ ਕੇ ਕੀਰਤਨ ਕਰੋ, ਜਿਹੜਾ ਤੁਹਾਡੇ ਕੰਨਾਂ ਨੂੰ ਚੰਗਾ ਲੱਗੇ। ਗੁਰਬਾਣੀ ਦੇ ਅਰਥ ਪੜ੍ਹੋ, ਪਾਠ ਕਰੋ। ਹੋਰ ਨਹੀਂ ਤਾਂ ਇ ਸਮੇਂ ਦੌਰਾਨ ਚੰਗੇ ਰਾਗੀਆਂ ਦਾ ਕੀਰਤਨ ਸੁਣੋ। ਫਿਰ ਵੇਖੋ ਕਿ ਤੁਹਾਡੇ ਕੀਰਤਨ ਵਿਚ ਕਿਵੇਂ ਬਰਕਤ ਪੈਂਦੀ ਹੈ। ਰਿਆਜ਼ ਕਰਨ ਦੇ ਹੋਰ ਤਰੀਕੇ ਤਾਂ ਅਸੀਂ "ਅੰਮ੍ਰਿਤ ਕੀਰਤਨ" ਵਿਚ ਦੱਸਦੇ ਹੀ ਰਹਿੰਦੇ ਹਾਂ। ਪਰ ਤੁਹਾਡੀ ਸ਼ਿਕਾਇਤ ਸੀ ਕਿ ਸਾਡੇ ਕੋਲ ਸਮਾਂ ਨਹੀਂ। ਸਮੇਂ ਵਾਲਾ ਮਸਲਾ ਤਾਂ ਅਸੀਂ ਹੱਲ ਕਰ ਦਿੱਤਾ ਕਿਉਂਕਿ ਇਹ ਸਰਦੀਆਂ ਦਾ ਵੇਲਾ ਰਾਗ ਗਾਉਣ ਲਈ ਬੜਾ ਚੰਗਾ ਹੈ। ਇਸ ਵੇਲੇ ਨੂੰ ਰਾਗ ਗਾਉਣ ਲਈ ਵਰਤਿਆ ਜਾ ਸਕਦਾ ਹੈ।

ਆਓ ਇਹ ਨਵਾਂ ਸਾਲ ਇਸ ਸੁਨਿਹਰੀ ਗੁਰ ਨਾਲ ਅਪਣਾਉਂਦੇ ਹੋਏ ਸਫਲ ਕਰਨ ਦਾ ਜਤਨ ਕਰੀਏ।

ਸ਼ੁਭ ਕਾਮਨਾਵਾਂ ਸਹਿਤ

ਤੁਹਾਡਾ ਆਪਣਾ

(ਇਕ ਪੁਰਾਣਾ ਸੰਪਾਦਕੀ)


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**


THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਭਾਈ ਮਰਦਾਨਾ ਜੀ

## ਹਰਪ੍ਰੀਤ ਸਿੰਘ ਨਾਜ਼



ਭਾਈ ਮਰਦਾਨਾ ਜੀ ਨੂੰ ਗੁਰੂ ਘਰ ਦਾ ਪਹਿਲਾ ਰਬਾਬੀ ਹੋਣ ਦਾ ਮਾਣ ਪ੍ਰਾਪਤ ਹੈ। ਇਹ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਸਿੱਖ ਹੋਣ ਤੋਂ ਪਹਿਲਾਂ ਮੀਰਾਸੀ ਜਾਤ ਨਾਲ ਸੰਬੰਧਤ ਸਨ। ਮੀਰਾਸ ਅਰਬੀ ਭਾਸ਼ਾ ਦਾ ਸ਼ਬਦ ਹੈ। ਜਿਸਦਾ ਅਰਥ ਹੈ, ਵਿਰਾਸਤ, ਪੁਸ਼ਤੈਨੀ ਜਾਇਦਾਦ ਜਾਂ ਵਿਰਸੇ ਵਿੱਚ ਆਈ ਵਸਤੁ। ਮੀਰਾਸ ਜਾਂ ਵਿਰਸੇ ਨੂੰ ਸਾਂਭਣ ਵਾਲਾ ਹੀ ਮੀਰਾਸੀ ਕਹਾਉਂਦਾ ਹੈ। ਸਲਤਨਤ ਕਾਲ ਸਮੇਂ, ਇੱਕ ਮੁਸਲਮਾਨ ਜਾਤਿ ਦੇ ਲੋਕ, ਭੱਟਾਂ ਤੁੱਲ ਆਪਣੇ ਜਜਮਾਨਾਂ ਦੀਆਂ ਵੰਸ਼ਾਵਲੀਆਂ (ਮੂਰਿਸਾਂ ਦੀ ਪੀੜ੍ਹੀਆਂ) ਖਾਸ ਮੌਕਿਆਂ ਤੇ ਸੁਣਾਉਂਦੇ, ਇਸ ਨਾਲ ਜੋ ਦਾਨ ਜਾਂ ਇਨਾਮ ਮਿਲਦਾ, ਉਸ ਮੀਰਾਸ ਨਾਲ ਉਹ ਗੁਜਾਰਾ ਕਰਦੇ। ਹਰੇਕ ਵੱਡੇ ਖਾਨਦਾਨ ਦਾ ਇੱਕ ਮੀਰਾਸੀ ਹੁੰਦਾ, ਜੋ ਖਾਸ ਮੌਕਿਆਂ ਤੇ ਖਾਨਦਾਨ ਦਾ ਜਸ ਗਾਉਂਦਾ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਬੇਦੀ ਖਾਨਦਾਨ ਦੇ ਵੀ ਮੀਰਾਸੀ ਸਨ।

ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਵਡੇਰੇ ਅੰਮ੍ਰਿਤਸਰ ਜਿਲ੍ਹੇ ਦੇ ਕਸਬਾ ਨੌਸ਼ਹਿਰਾ ਪੰਨੂਆ ਤੋਂ ਦਸ ਕਿਲੋਮੀਟਰ ਪੂਰਬ ਵੱਲ ਪੱਠੇਵਿੰਡ ਪਿੰਡ ਰਿਹਾ ਕਰਦੇ ਸਨ। 1486 ਈ: ਵਿੱਚ ਜਦੋਂ ਰਾਏ ਭੋਇ ਨੇ ਤਲਵੰਡੀ ਵਸਾਈ ਤਾਂ ਉਸ ਸਮੇਂ ਮਹਿਤਾ ਕਾਲੂ ਜੀ ਵੀ ਇੱਥੇ ਆ ਵਸੇ। ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਖਾਨਦਾਨੀ ਮੀਰਾਸੀਆਂ ਦਾ ਪਰਿਵਾਰ ਵੀ ਇੱਥੇ ਆ ਵਸਿਆ। ਇਹਨਾਂ ਮੀਰਾਸੀਆਂ ਦੇ ਪਰਿਵਾਰ ਦੇ ਭਾਈ ਬਾਦਰਾ ਜੀ ਦੀ ਸੁਪਤਨੀ ਮਾਈ ਲੱਖੋ ਦੀ ਕੁੱਖੋਂ ਪਹਿਲਾਂ ਜੰਮੇ ਕਈ ਬੱਚੇ ਮਰ ਗਏ ਸਨ। ਪਰ ਅੰਤ ਨੂੰ1516 ਈ: (1459ਈ:) ਨੂੰ ਇਨ੍ਹਾਂ ਦੇ ਇੱਕ ਬੱਚੇ ਨੇ ਜਨਮ ਲਿਆ, ਇਨ੍ਹਾਂ ਦੇ ਛੇ ਬੱਚੇ ਪਹਿਲਾਂ ਮਰ ਚੁੱਕੇ ਸਨ, ਇਸ ਲਈ ਮਾਤਾ ਪਿਤਾ ਇਸਨੂੰ'ਮਰ ਜਾਣਾ' ਵੀ ਕਹਿ ਦਿੰਦੇ। ਪਰ ਖੁਦਾ ਦੀ ਅਪਾਰ ਬਖਸ਼ਿਸ਼ ਸਦਕਾ ਇਹ ਬਚ ਗਿਆ। (ਸਿੱਖ ਪੰਥ ਵਿਸ਼ਵ ਕੋਸ਼, ਭਾਗ-2, ਪੰਨਾ 1407) ਮਾਤਾ ਪਿਤਾ ਨੇ ਜਿਸਦਾ ਨਾਮ 'ਦਾਨਾ' (ਸਿਆਣਾ) ਰੱਖਿਆ। ਇਸ ਦੇ ਜਨਮ ਤੋਂ ਦਸ ਸਾਲ ਬਾਅਦ ਤਲਵੰਡੀ ਵਿੱਚ ਹੀ ਸ਼੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਲਿਆ। ਇਸ ਲਈ ਦਾਨੇ ਨੂੰ ਬਾਲ ਗੁਰੂਜੀ ਦੀ ਸੰਗਤ ਦਾ ਸੁਭਾਗ ਮਿਲਿਆ।

ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਤਿੰਨ ਚਾਰ ਵਰ੍ਹਿਆ ਖੇਡਣ ਯੋਗ ਹੋਏ ਤਾਂ ਦਾਨਾ ਵੀ ਗੁਰੂ ਜੀ ਨਾਲ ਖੇਡਦਾ। ਗੁਰੂ ਜੀ ਬਾਲਕਾਂ ਨੂੰ ਇਕੱਠੇ ਕਰ ਉਪਦੇਸ਼ ਦਿੰਦੇ ਅਤੇ ਪ੍ਰਮਾਤਮਾ ਦਾ ਨਾਮ ਜਪਾਉਂਦੇ। ਗੁਰੂਜੀ ਨੇ ਕਾਨਿਆ ਨਾਲ ਤਾਰਾਂ ਵਾਲਾ ਇੱਕ ਵਾਜਾ ਬਣਾਇਆ ਅਤੇ ਦਾਨੇ ਨੂੰ ਵਜਾਉਣ ਨੂੰ ਦਿੱਤਾ। ਦਾਨਾ ਇਸ

ਨੂੰ ਵਜਾਉਂਦਾ ਅਤੇ ਗੁਰੂ ਜੀ ਬਾਲਕਾਂ ਨਾਲ ਰਲ ਪ੍ਰਮਾਤਮਾ ਦੇ ਸ਼ਬਦ ਗਾਉਂਦੇ :-

ਕੀਯੋ ਠੰਡਾਰੋ ਕਾਨਿਨਿ, ਮਰਦਾਨੈ ਦੀਯੋ ਫੜਾਇ।

ਬਜਾਇ ਸ਼ਬਦ ਬਹਿ ਗਾਵਈ, ਸਭ ਬਾਲਨ ਸਾਥ ਰਲਾਇ॥

(ਸ੍ਰੀ ਗੁਰੂਪੰਥ ਪ੍ਰਕਾਸ਼, ਰਤਨ ਸਿੰਘ ਭੰਗੂ ਪੰਨਾ-45)

ਜਦੋਂ ਦਾਨਾ ਕੁਝ ਵੱਡਾ ਹੋਇਆ ਤਾਂ ਬਾਦਰਾ ਜੀ ਨੇ ਉਸ ਦਾ ਵਿਆਹ ਕਰ ਦਿੱਤਾ। ਦਾਨਾ ਜੀ ਦੇ ਸਮਾਂ ਪਾ ਤਿੰਨ ਬੱਚੇ ਹੋਏ। ਇੱਕ ਲੜਕੀ ਅਤੇ ਦੋ ਲੜਕੇ ਹੋਏ। ਵੱਡੇ ਲੜਕੇ ਦਾ ਨਾਮ ਸਜਾਦਾ ਰੱਖਿਆ ਅਤੇ ਛੋਟੇ ਦਾ ਨਾਮ ਰਜਾਦਾ ਰੱਖਿਆ। ਦਾਨਾ ਜੀ ਮੀਰਾਸੀਆਂ ਵਾਲੀ ਕਾਰ ਕਰਕੇ ਪਰਿਵਾਰ ਦੀ ਪਾਲਣ ਕਰਦੇ। ਧਨੀ ਲੋਕਾਂ ਤੇ ਜਜਮਾਨਾਂ ਦੇ ਵਿਆਹਾਂ ਆਦਿ ਸਮੇਂ ਮੀਰਾਸ ਕਮਾਉਂਦੇ ਅਤੇ ਹੋਰ ਛੋਟੇ ਮੋਟੇ ਕੰਮ ਵੀ ਕਰਦੇ। ਦਾਨਾ ਜੀ ਕੁੱਝ ਹੋਰ ਵੱਡੇ ਹੋਏ ਤਾਂ ਰਬਾਬ ਵੀ ਵਜਾਉਣ ਲੱਗੇ। ਮਿਹਰਬਾਨ ਵਾਲੀ ਜਨਮ ਸਾਖੀ ਵਿੱਚ ਲਿਖਿਆ ਹੈ 'ਤਬ ਗੁਰੂਬਾਬੇ ਨਾਨਕ ਜੀ ਸਾਥਿ ਅੱਗੇ ਹੀ ਬਲਿਪਣ ਮੈਂ ਭੀ ਸਾਥ ਖੇਲਤਾ, ਮਰਦਾਨਾ ਡੂਮ.......... ਰਬਾਬ ਵਜਾਇਦਾ ਨਾਮਾ, ਕਬੀਰ, ਤ੍ਰਿਲੋਚਨ, ਰਵੀਦਾਸ, ਧੰਨੇ, ਬੇਣੀ ਕੇ ਪਦੇ ਗਾਵਤਾ, ਗੁਰੂ ਬਾਬੇ ਨਾਨਕ ਦੇ ਅੱਗੇ ਪਦੇ ਗਾਂਵਦਾ। ਗੁਰੂ ਬਾਬੇ ਨਾਨਕ ਜੀ ਕਾ ਜੀਉ ਉਸ ਹੀ ਸਾਥਿ ਲਗਤਾ। ਸਾਰੇ ਲੋਕ ਸੰਸਾਰ ਤੇ ਜਿਤਨਾ ਤਲਵੰਡੀ ਬਸਤਾ ਆਪਣਾ ਪਰਾਇਆ ਥਾ ਤਿਤਨਿਆ ਸਾਥਿ ਤੇ ਗੁਰੂ ਬਾਬਾ ਨਾਨਕ ਕਾ ਜੀਉ ਮਰਦਾਨੇ ਸਾਥਿ ਲਗਤਾ।'

ਗੁਰੂ ਜੀ ਦਾ ਮਨ ਸੰਸਾਰੀ ਕੰਮਾਂ ਵਿੱਚ ਨਾ ਲਗਦਾ ਸਗੋਂ ਗੁਰੂ ਦੀ ਭਾਲ ਲਈ ਉਦਾਸੀ ਕਰਨ ਲਈ ਜਾਣਾ ਚਾਹੁੰਦੇ। ਜਨਮ ਸਾਖੀ ਭਾਈ ਮਨੀ ਸਿੰਘ ਵਿੱਚ ਲਿਖਿਆ ਹੈ ਕਿ ਜਦੋਂ ਗੁਰੂ ਜੀ ਵੀਹ ਸਾਲਾਂ ਦੇ ਸਨ ਅਤੇ ਤਲਵੰਡੀ ਹੀ ਰਹਿੰਦੇ ਹੋਏ ਦਾਨੇ ਨੂੰ ਕਿਹਾ, "ਜੋ ਅਸੀਂ ਤੀਰਥਾਂ ਨੂੰ ਜਾਵਾਂਗੇ, ਸੋ ਤੂੰ ਅਸਾਡੇ ਨਾਲ ਚੱਲੇਂਗਾ।" ਦਾਨੇ ਕਿਹਾ, "ਜੋ ਜਿਵੇਂ ਤੁਸਾਡੀ ਰਜਾਇ, ਪਰ ਮੇਰੀ ਕੰਨਿਆ ਵਰ ਪ੍ਰਾਪਤੀ ਹੈ। ਸੋ ਉਸਦਾ ਵਿਆਹੁ ਕਰਾਂ ਤਾਂ ਮੈਂ ਚਲਾ।" ਗੁਰੂ ਜੀ ਦੇ ਪਿਤਾ ਜੀ, ਮਹਿਤਾ ਕਾਲੂ ਜੀ ਨੇ ਗੁਰੂ ਜੀ ਨੂੰ ਤੀਰਥਾਂ ਤੇ ਨਾ ਜਾਣ ਦਿੱਤਾ। ਫਿਰ ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਲੋਧੀ ਆ ਕੇ ਮੋਦੀਖਾਨੇ ਵਿੱਚ ਲੱਗ ਗਏ। ਕੁਝ ਸਮੇਂ ਬਾਅਦ ਮਹਿਤਾ ਕਾਲੂ ਜੀ ਨੇ ਦਾਨੇ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਖਬਰ ਸਾਰ ਲੈਣ ਲਈ ਸੁਲਤਾਨਪੁਰ ਲੋਧੀ ਭੇਜਿਆ। ਗੁਰੂ ਜੀ ਨੇ ਮਰਦਾਨੇ ਨੂੰ ਉੱਥੇ ਹੀ ਰੱਖ ਲਿਆ। ਮਹਿਮਾ ਪ੍ਰਕਾਸ਼ ਵਾਰਤਕ ਵਿੱਚ ਪੰਨਾ 40 'ਤੇ ਲਿਖਿਆ ਹੈ, ' ਬਾਬਾ ਜੀ ਮੋਦੀਖਾਨੇ ਪਰ ਬੈਠੇ ਜੋ ਕੋਈ ਅਰਥੀ ਜਾਚਨਾ ਕਰੇ ਸੋ ਬਾਬਾ ਜੀ ਸਭ ਕਾ ਮਨੋਰਥ ਪੂਰਾ ਕਰੇ।' ਮਰਦਾਨੇ ਨੇ ਗੁਰੂ ਜੀ ਦੀ ਖੁੱਲ੍ਹ-ਦਿਲੀ ਦੇਖ ਆਪਣੀ ਲੜਕੀ ਦੇ ਵਿਆਹ ਲਈ ਸਹਾਇਤਾ ਮੰਗੀ। ਗੁਰੂ ਜੀ ਨੇ ਆਪਣੇ ਸੇਵਕ ਪਿੰਡ ਮਲਸੀਹਾਂ ਦੇ ਚੌਧਰੀ ਭਗੀਰਥ ਤੋਂ ਸਾਰੀਆਂ ਚੀਜ਼ਾਂ ਮੰਗਵਾ ਦਿੱਤੀਆਂ। ਮਰਦਾਨਾ ਸਾਰਾ ਸਮਾਨ ਲੈ ਤਲਵੰਡੀ ਚਲਾ ਗਿਆ ਅਤੇ ਲੜਕੀ ਦਾ ਵਿਆਹ ਕਰਕੇ ਦੁਬਾਰਾ ਸੁਲਤਾਨਪੁਰ ਲੋਧੀ ਆ ਗਿਆ।

ਵੇਈਂ ਨਦੀ ਵਾਲੇ ਕੌਤਕ ਤੋਂ ਬਾਅਦ ਗੁਰੂ ਜੀ ਨੇ ਉਦਾਸੀਆਂ 'ਤੇ ਜਾਣ ਦਾ ਪੱਕਾ ਮਨ ਬਣਾ

ਲਿਆ। ਦੇਸ਼ ਦੇਸ਼ਾਤਰ੍ਹਾਂ ਦਾ ਚੱਕਰ ਲਾਉਣ ਤੋਂ ਪਹਿਲਾਂ ਗੁਰੂ ਜੀ ਨੇ ਆਪਣੇ ਆਪ ਨੂੰ ਮਾਨਸਿਕ ਤੇ ਸ਼ਰੀਰਕ ਤੌਰ 'ਤੇ ਤਿਆਰ ਕਰਨਾ ਸ਼ੁਰੂ ਕੀਤਾ ਉਹ ਘਰ ਨਾ ਗਏ, ਖੁਰਾਕ ਘਟ ਕਰ ਕੇਵਲ ਦੁੱਧ 'ਤੇ ਗੁਜ਼ਾਰਾ ਕਰਨ ਲੱਗੇ। (ਜਨਮ ਸਾਖੀ ਪਰੰਪਰਾ, ਸ. ਕ੍ਰਿਪਾਲ ਸਿੰਘ, ਪੰਨਾ-24)

ਮਹਿਤਾ ਕਾਲੂ ਜੀ ਨੂੰ ਇਸਦੀ ਖਬਰ ਹੋਈ ਤਾਂ ਮਰਦਾਨੇ ਨੂੰ ਖਬਰ ਲੈਣ ਫਿਰ ਸੁਲਤਾਨਪੁਰ ਭੇਜਿਆ। ਮਰਦਾਨਾ ਆ ਗੁਰੂ ਜੀ ਨੂੰ ਮਿਲਿਆ ਤੇ ਆਖਿਆ, "ਨਾਨਕ ਜੀ ਯਹ ਕਿਆ ਕੀਤੋਸੁ।" ਗੁਰੂ ਜੀ ਨੇ ਕਿਹਾ, "ਸੁਣਿ ਮਰਦਾਨਾ ਅਸਾਂ ਤੈਨੂੰ ਤਾਰ ਦਾ ਗੁਣ ਦਿੱਤਾ ਸੀ ਸੋ ਅੱਜ ਦੇ ਦਿਨ ਨੂੰ ਅਸੀਂ ਤੁਹਾਨੂੰ ਉਡੀਕਦੇ ਸੇ। ਮਰਦਾਨੇ ਕਿਹਾ, "ਕਹੁ ਜੀ ਮੈਨੂੰ ਆਖ" ਗੁਰੂ ਕਹਿਆ, " ਚਲ ਅਸਾਡੇ ਨਾਲਿ। " ਮਰਦਾਨੇ ਕਿਹਾ, "ਅਜੇ ਨਾਨਕ ਜੀ, ਮੈਨੂੰ ਤਾਂ ਮਹਤੇ ਕਾਲੂ ਖਬਰ ਨੂੰ ਭੇਜਿਆ ਆਹ ਅਤੇ ਅੰਮਾ ਬੀਬੀ ਉਡੀਕਵਾਨ ਦੇਖਦੇ ਹੋਸਨਿ। ਤੁਸੀਂ ਆਖਦੇ ਹੋ ਅਸਾਡੇ ਨਾਲਿ ਚਲ, ਮੈ ਕਿਆ ਕਰਾ।" ਗੁਰੂ ਜੀ ਕਿਹਾ,"ਅਸਾਂ ਨਾਲ ਭੁਖ ਨੰਗੁ ਹੋਈ ਅਤੇ ਸੁਖ ਭੋਗ ਮੰਗੇ ਤਾ ਜਾਹਿ ਤਲਵੰਡੀ। ਦਾਨੇ ਕਿਹਾ, "ਜੀ ਮੈਨੂੰ ਜਾਣੁ ਅਉਖਾ ਹੋਇਆ ਹੁਣਿ ਮੈਂ ਕਿਥੇ ਜਾਣਾ। ਹੁਣਿ ਮੈਨੂੰ ਤੁਹਿ ਜੇਹਾ ਸੰਸਾਰ ਉਤੈ ਕੋਇ ਨਾਹੀ ਨਦਰਿ ਆਵਦਾ। ਗੁਰੂ ਜੀ ਕਿਹਾ, "ਅਸਾ ਤੈਨੂੰ ਤਾਰ ਦਾ ਗੁਣ ਦਿੱਤਾ ਸੀ, ਸੋ ਕਿਥੇ ਘਤਿਓ ? ਦਾਨੇ ਉੱਤਰ ਦਿੱਤਾ, ਜੀ ਮੈਂ ਤਾਂ ਵੇਚਿ ਨਹੀਂ ਖਾਦਾ। ਜਿਥੈ ਰੱਖਿਆ ਹੈ ਉਥਉ, ਪਇਆ ਹੋਗ।" ਮਰਦਾਨੇ ਪਾਸ ਉਸ ਸਮੇਂ ਰਬਾਬ ਨਹੀਂ ਸੀ। ਗੁਰੂ ਜੀ ਇਹ ਦੇਖਣ ਲਈ ਕਿ ਮਰਦਾਨਾ ਹੁਣ ਭੁਲ ਤੇ ਨਹੀਂ ਗਿਆ ਰਬਾਬ ਹੁਣ ਵੀ ਸੋਹਣੀ ਵਜਾਉਣਾ ਹੈ ਕਿ ਨਹੀਂ। ਉਸਨੂੰ ਕਿਹਾ ਕਿਸੇ ਦੀ ਰਬਾਬ ਲਿਆ ਕੇ ਵਜਾ ਕੇ ਦਿਖਾ। ਮਰਦਾਨਾ ਜਾ ਕੇ ਇੱਕ ਢਾਡੀ ਨੂੰ ਲੈ ਆਇਆ। ਗੁਰੂ ਜੀ ਦਾਨੇ ਨੂੰ ਵਜਾਉਣ ਦਾ ਹੁਕਮ ਕੀਤਾ। ਭਾਈ ਬਾਲੇ ਦੀ ਜਨਮ ਸਾਖੀ ਵਿੱਚ ਲਿਖਿਆ ਹੈ ਕਿ ' ਇਜੇ ਹੀ ਤਾਰਿ ਵਜਾਈ ਜੋ ਜੰਗਲ ਦੇ ਮਿਰਗਿ ਬਿਸੁਧ ਹੋਇ ਕੇ ਢਹਿ ਪਏ। ਗੁਰੂ ਨਾਨਕ ਬਹੁਤ ਰੀਝਾਇਆ।' ਗੁਰੂ ਜੀ ਨੇ ਦਾਨੇ ਨੂੰ ਕਿਹਾ ਕਿ ਚਕ ਤੋ ਰਬਾਬ ਲੈ ਆਏ, ਪਰ ਉਸਨੂੰ ਰਬਾਬ ਨਾ ਮਿਲੀ। ਅੰਤ ਗੁਰੂ ਜੀ ਭਾਈ ਫਰਿੰਦੇ ਤੋਂ ਰਬਾਬ ਲੈ ਦਿੱਤੀ। ਭਾਈ ਬਾਲੇ ਵਾਲੀ ਸਾਖੀ ਵਿੱਚ ਲਿਖਿਆ ਹੈ ਕਿ 'ਲਗਾ ਤਾਰ ਵਜਾਵਣ। ਤਾਰ ਵਿਚੋਂ ਇਹ ਅਵਾਜ ਨਿਕਲੇ ਤੂੰ ਹੀ ਨਿਰੰਕਾਰ, ਤੂੰ ਹੀ ਨਿਰੰਕਾਰ ਨਾਨਕ ਬੰਦਾ ਤੇਰਾ। ਗੁਰੂ ਨਾਨਕ ਦੀ ਸਮਾਧ ਲਗ ਗਈ।' ਗੁਰੂ ਜੀ ਨੇ ਰਬਾਬ ਸੁਣ ਬਚਨ ਕੀਤਾ, "ਤੂੰ ਰਬਾਬ ਭਲਾ ਵਜਾਇਦਾ ਹੈ ਤੇ ਤੈਨੂੰ ਰਾਗਾ ਦੀ ਭਲੀ ਸੋਝੀ ਹੈ। ਪਰ ਜੇ ਤੂੰ ਅਸਾਡਾ ਸੰਗ ਕਰੇ ਤਾਂ ਏਹੁ ਰਾਗ ਸਬਦ ਪਾਇ ਕੈ ਗਾਵੈ ਤਾਂ ਅਸੀਂ ਤੇਰਾ ਦੀਨ ਦੁਨੀਆ ਵਿੱਚ ਉਧਾਰ ਕਰੀਏ।" ਦਾਨੇ ਕਿਹਾ, "ਅਸੀਂ ਜੋ ਤੇਰੇ ਨਾਲ ਲਗਾਂਗੇ ਤਾਂ ਦੁਨੀਆ ਦੇ ਜੁ ਕੁਟੰਬੇ ਹਨ, ਸੋ ਤਾ ਭੁਖ ਨਾਲ ਮਰ ਜਾਵਨਗੇ, ਤੇ ਅਗੇ ਨਿਵਾਜ ਰੋਜਾ ਨਾ ਹੋਵੇਗਾ। ਦੀਨ ਭੀ ਤੇ ਦੁਨੀਆ ਭੀ ਅਸਾਡੀ ਦੇਵੈ ਜਾਵੇਗੀ। ਤੁਸੀਂ ਉਧਾਰ ਕਿਸ ਤਰ੍ਹਾਂ ਕਰੋਗੇ। ਗੁਰੂ ਜੀ ਕਿਹਾ, "ਭਾਈ ਦਾਨਿਆ ਤੂੰ ਦਿਵਾਨਾ ਹੋਇਆ ਹੈ ਸਾਡੀ ਸ੍ਰਿਸ਼ਟਿ ਦੀ ਪਾਲਨਾ ਈਸਰ ਕਰਦਾ ਹੈ ਕਿ ਤੂੰ ਕਰਨਾ ਹੈ। ਏਹੁ ਦਿਵਾਨਿਆ ਦੀ ਬਿਰਤ ਹੈ ਜੋ ਤੂੰ ਆਪਨੇ ਸਿਰ ਤੇ ਕੁਟੰਬੀਆ ਦਾ ਭਾਰ ਚੁੱਕ ਲਿੱਤਾ ਹੈ। ਨਹੀਂ ਤਾਂ ਸਭਣਾ ਜੀਆਂ ਦੀ ਪਾਲਣਾ ਆਪ ਵਾਹਿਗੁਰੂ ਕਰਦਾ ਹੈ। .............. ਜੇ ਹੁਣ ਤੂੰ ਮਰਦਾਨਾ ਹੋਵੇ ਤੇ ਸੰਤਾਂ ਦਾ ਸੰਗ ਕਰੇ ਤਾਂ ਸ਼ਬਦ ਰਾਗ ਪਾਇਕੇ ਗਾਵੈ ਤਾਂ ਤੇਰਾ ਅਸੀਂ ਦੋਹਾਂ ਲੋਕਾਂ ਦਾ ਕਾਰਜ ਕਰਾਂਗੇ। ਦਾਨੇ ਕਿਹਾ, ਜੀ ਜਿਵੇਂ ਤੁਸਾਡੀ ਰਜਾਇ ਹੋਵੈ। ਗੁਰੂ ਜੀ ਬਚਨ

ਕੀਤਾ, ਤੇਰਾ ਨਾਉ ਅਸਾ ਮਰਦਾਨਾ ਰੱਖਿਆ ਹੈ। ਵਾਹਗੁਰੂ ਦਾ ਭਜਨ ਕਰ ਤੇਰੇ ਕੁਟੰਬੀਆ ਦੀ ਤੇ ਤੇਰੀ ਅਸੀਂ ਖਬਰ ਲੇਵਾਂਗੇ। " (ਸਿੱਖਾਂ ਦੀ ਭਗਤਮਾਲਾ ਪੰਨਾ-54)

ਗੁਰੂ ਜੀ ਮਰਦਾਨੇ ਨਾਲ ਪਹਿਲਾ ਐਮਨਾਬਾਦ ਆਏ। ਹੁਣ ਲੰਬੇ ਸਫਰ ਤੇ ਜਾਣਾ ਸੀ, ਇਸ ਲਈ ਗੁਰੂ ਜੀ ਇੱਥੇ ਹੀ ਠਹਿਰੇ ਤੇ ਮਰਦਾਨਾ ਪਰਿਵਾਰ ਨੂੰ ਮਿਲਣ ਲਈ ਤਲਵੰਡੀ ਚਲਾ ਗਿਆ। ਗੁਰੂ ਜੀ ਨੇ ਇੱਥੇ ਰਹਿਕੇ ਸਰੀਰਕ ਤੇ ਮਾਨਸਿਕ ਤਿਆਰੀ ਕੀਤੀ ਰੋੜਾਂ ਤੇ ਸੌਂਦੇ, ਘੱਟ ਖਾਂਦੇ। ਥੋੜੇ ਚਿਰ ਪਿੱਛੋ ਮਰਦਾਨਾ ਤਲਵੰਡੀ ਤੋਂ ਵਾਪਸ ਆ ਗਿਆ। ਗੁਰੂ ਜੀ ਮਰਦਾਨੇ ਨੂੰ ਨਾਲ ਲੈ ਤਲਵੰਡੀ ਗਏ ਮਾਤਾ ਪਿਤਾ ਤੇ ਰਾਇ ਬੁਲਾਰ ਨੂੰ ਮਿਲ ਉਦਾਸੀਆਂ ਤੇ ਨਿਕਲ ਪਏ।

ਉਸ ਸਮੇਂ ਜ਼ਿਆਦਾ ਜੰਗਲ ਹੁੰਦਾ ਸੀ, ਗੁਰੂ ਜੀ ਜੰਗਲਾਂ ਵਿੱਚ ਚਲਦੇ ਗਏ। ਗੁਰੂ ਜੀ ਨੇ ਮਰਦਾਨੇ ਨੂੰ ਪੁਛਿਆ, ਮਰਦਾਨਿਆ ਕਿਉਂ ਭੁੱਖ ਲੱਗੀ ਹੈ ? ਤਾਂ ਮਰਦਾਨਾ ਕਹਿਣ ਲੱਗਾ, ਜੀ ਤੈਨੂੰ ਸਭ ਕਿਛੁ ਮਾਲੂਮ ਹੈ। ਗੁਰੂ ਜੀ ਨੇ ਕਿਹਾ, "ਮਰਦਾਨਿਆ ਜਾਇ ਕਿਸੇ ਬਸਤੀ ਵੜ। " ਮਰਦਾਨਾ ਇੱਕ ਬਸਤੀ ਵਿੱਚ ਗਿਆ ਤਾਂ ਲੋਕਾਂ ਨੇ ਬਹੁਤ ਆਦਰ ਮਾਨ ਤੇ ਸੇਵਾ ਕੀਤੀ ਮਰਦਾਨਾ ਕਾਫੀ ਕੁਝ ਨਾ ਲੈ ਕੇ ਗੁਰੂ ਜੀ ਪਾਸ ਆ ਗਿਆ। ਗੁਰੂ ਜੀ ਸਮਾਨ ਦੇਖ ਹਸੇ ਅਤੇ ਮਰਦਾਨਾ ਨੂੰ ਕਿਹਾ ਮਰਦਾਨਿਆ, ਭਲਾ ਕੀਤੋ, ਆਂਦੋ, ਪਰ ਅਸਾਂ ਏਹ ਕੀ ਕਰਨੀ ਹੈ? ਸੁਟਿ ਘਤੁ। ਮਰਦਾਨੇ ਨੇ ਹੁਕਮ ਮੰਨ ਸਭ ਸੁੱਟ ਦਿੱਤਾ। ਗੁਰੂ ਜੀ ਅੱਗੇ ਚਲ ਪਏ ਅਤੇ ਕੰਗਣਪੁਰ (ਜਿਲ੍ਹਾ ਲਾਹੌਰ) ਪੁੱਜੇ। ਇੱਥੇ ਦੇ ਲੋਕਾਂ ਨੇ ਕੋਈ ਸੇਵਾ ਨਾ ਕੀਤੀ, ਸਗੋ ਮਖੌਲ ਕੀਤੇ, ਗੁਰੂ ਜੀ ਬਚਨ ਕੀ 'ਏਹੁ ਸਹਿਰੁ ਵਸਦਾ ਰਹੈ'। ਅੱਗੇ ਪੰਜ ਕੋਹਾਂ ਤੇ ਭੀਲੇ ਪਿੰਡ ਜਾ ਰਹੇ, ਇਨ੍ਹਾਂ ਬਹੁਤ ਸੇਵਾ ਕੀਤੀ। ਗੁਰੂ ਜੀ ਨੇ ਕਿਹਾ,"ਏਹੁ ਸਹਰੁ ਉਜਾੜਿ ਹੋਵੇਗਾ। " ਮਰਦਾਨਾ ਇਹ ਕੌਤਕ ਦੇਖ ਹੈਰਾਨ ਹੋਇਆ ਤੇ ਬਾਬਾ ਜੀ ਨੂੰ ਇਸਦਾ ਕਾਰਨ ਪੁਛਿਆ। ਗੁਰੂ ਜੀ ਨੇ ਕਿਹਾ,"ਮਰਦਾਨਿਆ, ਉਸ ਸ਼ਹਿਰ ਦਾ ਆਦਮੀ ਅਵਰੁ ਸ਼ਹਿਰ ਜਾਵੇਗਾ ਤਾ ਹੋਰੁ ਭੀ ਵਿਗੜਨਿਗੇ ਅਤੇ ਇਸ ਸਹਰ ਦਾ ਆਦਮੀ ਹੋਰਤ ਸ਼ਹਿਰ ਜਾਵੇਗਾ ਤਾਂ ਉਨ੍ਹਾਂ ਦੀ ਭੀ ਗਤਿ ਕਰੈਗਾ ਅਤੇ ਸੁਮਤਿ ਦੇਵੈਗਾ। " ਤਾਂ ਮਰਦਾਨੇ ਆਖਿਆ, "ਜੀ ਪਾਤਿਸ਼ਾਹ, ਤਉ ਭਾਵੈ, ਤਿਸ ਦੀ ਗਤਿ ਕਰਹਿ। " ਇਸ ਤਰ੍ਹਾਂ ਗੁਰੂ ਜੀ ਮਰਦਾਨੇ ਨੂੰ ਗਿਆਨ ਉਪਦੇਸ਼ ਸਿਖਾਉਂਦੇ ਜਾਂਦੇ।

ਜਹਿ ਬਾਬੈ ਕੌ ਖੁਸ਼ੀ ਚਿਤ ਆਵੈ,

ਰਬਾਬ ਬਜਾਇ ਸ਼ਬਦ ਬਹਿ ਗਾਵੈ। (ਸ੍ਰੀ ਗੁਰੂ ਪੰਥ ਪ੍ਰਕਾਸ਼, 48)

ਗੁਰੂ ਜੀ ਪਾਣੀਪਤ, ਦਿੱਲੀ, ਹਰਿਦੁਆਰ, ਬਨਾਰਸ, ਗਯਾ, ਪ੍ਰਯਾਗ, ਅਯੁਧਿਆ ਆਦਿ ਪੂਰਬ ਦੇ ਹਿੰਦੂ ਤੀਰਥਾਂ ਤੇ ਹੁੰਦੇ ਕਾਮ ਰੂਪ ਦਸੇ ਪਹੁੰਚੇ। ਇਸਦੇ ਇੱਕ ਨਗਰ ਬਾਹਰ ਗੁਰੂ ਜੀ ਠਹਿਰੇ। ਮਰਦਾਨਾ ਸ਼ਹਿਰ ਦੇਖਣ ਗਿਆ। ਉਸ ਨਗਰ ਦੀਆਂ ਇਸਤਰੀਆਂ ਤੰਤਰ-ਵਿਦਿਆ ਜਾਣਦੀਆਂ ਸਨ ਉਨਾਂ ਨੇ ਮਰਦਾਨੇ ਦੀ ਸੋਚਣ-ਬੋਲਣ ਦੀ ਸ਼ਕਤੀ ਖੋਹ ਕੇ ਪਿੱਛੇ ਟੁਰਨ ਵਾਲਾ ਲੇਲਾ ਬਣਾ ਲਿਆ। ਗੁਰੂ ਜੀ ਮਰਦਾਨੇ ਦੀ ਉਡੀਕ ਕਰ ਉਸਨੂੰ ਲੱਭਣ ਸ਼ਹਿਰ ਵਿੱਚ ਆਏ ਤਾਂ ਦੇਖ ਇਸਤਰੀਆਂ ਨੇ ਗੁਰੂ ਸਾਹਿਬ ਵੀ

ਜਾਦੂ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਇੱਕ ਨਾ ਚੱਲੀ। ਇਸ ਤਰ੍ਹਾਂ ਗੁਰੂ ਜੀ ਨੇ ਮਰਦਾਨੇ ਨੂੰ ਮੁਕਤ ਕਰਵਾਇਆ। ਇਸ ਤਰ੍ਹਾਂ ਮਰਦਾਨਾ ਹੌਲੀ-ਹੌਲੀ ਮਾਇਆ ਤੋਂ ਛੁਟਕਾਰਾ ਪਾਉਂਦਾ ਗਿਆ। ਫਿਰ ਅੱਗੇ ਰਾਖਸ਼ ਰੂਪੀ ਕੌਡੇ ਨੇ ਮਰਦਾਨੇ ਨੂੰ ਫੜ ਲਿਆ ਗੁਰੂ ਜੀ ਨੇ ਇੱਥੋਂ ਵੀ ਮਰਦਾਨੇ ਨੂੰ ਮੁਕਤ ਕਰਵਾਇਆ।

ਇਸ ਸਭ ਕੌਤਕ ਦੇਖ ਮਰਦਾਨਾ ਦੇ ਕਪਾਟ ਖੁੱਲ ਗਏ, ਪੂਰੀ ਤਰ੍ਹਾਂ ਗੁਰੂ ਜੀ ਦੀ ਸ਼ਰਨੀ ਪਿਆ ਅਤੇ ਕਿਹਾ, "ਜੀ ਮੇਰੀ ਭੁੱਖ ਜਾਵੈ ਤਾਂ ਮੈਂ ਰਹਾਂ ਅਤੇ ਜੋ ਤੇਰਾ ਆਗਹੁ ਹੈ ਸੋ ਮੇਰਾ ਹੋਵੈ। ਜੋ ਤੂੰ ਖਾਵੈ ਸੋ ਮੈਂ ਖਾਵਾ ਤਾਂ ਤੇਰੇ ਨਾਲਿ ਰਹਾਂ ਅਤੇ ਨਾਲੇ ਵਚਨ ਦੇਵੈ ਜੁ ਅੱਗੇ ਮੇਰੇ ਨਾਲੋ ਵਿਛੜਹਿ ਨਾਹੀ ਅਤੇ ਮੇਰੇ ਕਰਮੁ ਵੀਚਾਰੇ ਨਾਹੀ। ਜੇ ਇਤਨੀਆ ਗੱਲਾਂ ਕਰਕੇ ਨਾਹੀ ਤਾਂ ਮੈਨੂੰ ਖੁਸ਼ੀ ਕਰਿ।" ਗੁਰੂ ਜੀ ਕਿਹਾ, "ਮਰਦਾਨਿਆ। ਤੂੰ ਦੀਨ ਭੀ ਭਰ ਦੁਨੀ ਭੀ ਨਿਹਾਲੁ ਹੋਇਆ।" (ਪੁਰਾਤਨ ਜਨਮ ਸਾਖੀ ਪੰਨਾ 72)

ਇਸ ਤਰ੍ਹਾਂ ਬਾਰਾ ਸਾਲ ਦੀ ਉਦਾਸੀ ਕਰਕੇ ਵਾਪਸ ਤਲਵੰਡੀ ਆਏ। ਗੁਰੂ ਜੀ ਪਿੰਡ ਦੇ ਬਾਹਰ ਠਹਿਰੇ ਤੇ ਮਰਦਾਨਾ ਘਰ ਗਿਆ। ਸਭ ਮਰਦਾਨੇ ਤੇ ਗੁਰੂ ਜੀ ਦਾ ਪ੍ਰਭਾਵ ਦੇਖ ਉਸਦਾ ਆਦਰ ਕਰਨ। ਪੁਰਾਤਨ ਜਨਮਸਾਖੀ ਵਿੱਚ ਲਿਖਿਆ ਹੈ, 'ਸਭ ਲੋਕ ਆਖਣ ਜੋ ਮਰਦਾਨਾ ਡੂਮ ਹੈ ਪਰ ਨਾਨਕ ਦਾ ਸਾਇਆ ਵੱਡਾ ਹੈ। ਜੋ ਕੋਈ ਆਵਦਾ ਹੈ ਸੋ ਆਇ ਪੈਰੀ ਪਾਉਂਦਾ।' ਮਰਦਾਨੇ ਨਾਲ ਆ ਕੇ ਗੁਰੂ ਜੀ ਦੇ ਮਾਤਾ ਪਿਤਾ ਗੁਰੂ ਜੀ ਨੂੰ ਮਿਲੇ। ਫੇਰ ਗੁਰੂ ਨਾਨਕ ਦੇਵ ਜੀ ਨੇ ਕਿਹਾ, "ਮਰਦਾਨਾ ਆਖੁ ਕਿਧਰ ਚਲਦਾ ਹੈ।" ਮਰਦਾਨੇ ਆਖਿਆ, "ਜੀ ਜਿਧਰਿ ਤੇਰੀ ਰਜਾਇ।" ਗੁਰੂ ਜੀ ਆਖਿਆ, " ਮਰਦਾਨਾ ਆਖੋ ਤਾਂ ਸੁਮੇਰ ਉਪਰ ਚਲੀਏ, ਉੱਥੇ ਸਿਧ ਮੰਡਲੀ ਹੈ। ਉਨ੍ਹਾਂ ਦਾ ਦਰਸ਼ਨ ਕਰਕੇ ਚਲੀਏ।" ਚਲਦੇ ਚਲਦੇ ਹਿਮਾਚਲ ਹੁੰਦੇ ਹੋਏ ਸੁਮੇਰ ਪਰਬਤ ਤੱਕ ਗਏ। ਸਿੱਖਾਂ ਨਾਲ ਗੋਸ਼ਟ ਕਰ ਵਾਪਸ ਆਏ।

ਇੱਕ ਦਿਨ ਮਰਦਾਨੇ ਆਖਿਆ, "ਏਹੁ ਜੋ ਮੱਕਾ ਆਖਦੇ ਹੈਨਿ ਸੋ ਕਿਧਰਿ ਹੈ ?" ਤਾਂ ਗੁਰੂ ਜੀ ਨੇ ਕਿਹਾ "ਮਰਦਾਨਾ ਡਿੱਠਾ ਲੋੜਦਾ ਹੈ।" ਮਰਦਾਨੇ ਕਿਹਾ, "ਜੀ ਤਰੀਫ ਬਹੁਤ ਤੁਰਕ ਕਰਦੇ ਹੈਨਿ ਭੋਰਾ ਉਹ ਭੀ ਦੇਖਿ ਜਾਈਏ।" (ਜਨਮ ਸਾਖੀ ਭਾਈ ਬਾਲਾ 281) ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਮੱਕੇ ਗਏ ਪਰ ਹੁਣ ਮਰਦਾਨਾ ਹਿੰਦੂ ਮੁਸਲਮਾਨਾਂ ਵਾਲੀ ਦੇਹ ਤੋਂ ਉਪਰ ਉੱਠ ਚੁੱਕਾ ਸੀ। ਸੋ ਜਦੋਂ ਮੱਕੈ ਵਿੱਚ ਸੰਗੇ ਅਸਵਦ ਦੇ ਦਰਸ਼ਨ ਕਰ ਵਾਪਸ ਆਇਆ ਤਾਂ ਗੁਰੂ ਜੀ ਨੇ ਪੁਛਿਆ, "ਕਹੁ ਮਰਦਾਨਾ ਕਿਆ ਡਿਠੋ।" ਮਰਦਾਨੇ ਨੇ ਕਿਹਾ ਜੀ ਮੈਂ ਤਾ ਦੇਖਿ ਕਰਿ ਹੈਰਾਨੁ ਹੋਇ ਰਹਿਆ, "ਜੀ ਏ ਤਾਂ ਆਖਦੇ ਹੈ ਨਿ ਜੋ ਬੁਤ ਪਰਸਤੀ ਬੁਰੀ ਹੈ ਏਹਿ ਦੂਰੀ ਕਿਉਂ ਨਹੀਂ ਕਰਦੇ।" (ਜਨਮ ਸਾਖੀ ਪਰੰਪਰਾ, ਅੰਤਕਾ, ਪੰਨਾ - 281) ਫਿਰ ਮਰਦਾਨੇ ਨੂੰ ਮਦੀਨੇ ਦੇ ਦਰਸ਼ਨ ਕਰਵਾਏ। ਪੰਜਾਬ ਮੁੜਦੇ ਸਮੇਂ ਖੁਰਮ ਮਰਦਾਨੇ ਦਾ ਅੰਤਿਮ ਸਮਾਂ ਆ ਪੁੱਜਾ। ਭਾਈ ਮਰਦਾਨਾ ਨੇ ਗੁਰੂਨਾਨਕ ਸਾਹਿਬ ਜੀ ਨੂੰ ਆਪਣੇ ਸਵਾਸ ਤਿਆਗਣ ਤੋਂ ਪਹਿਲਾਂ ਹੀ ਇਹ ਅਰਜ ਗੁਜਾਰੀ ਸੀ, ''ਬਾਬਾ ਤੈਂਡੇ ਨਾਲ ਪੈਂਡੇ ਕੱਛਦਿਆਂ, ਤੁਸਾਂ ਦੀ ਇਲਾਹੀ ਨਦਰ ਨੇ, ਮੈਨੂੰ ਜੀਵਨ ਦੀਆਂ ਸੱਭੇ ਕੈਦਾਂ ਵਿੱਚੋਂ ਮੁਕਤ ਕੀਤਾ ਹਈ, ਹੁਣ ਮੋ ਕੁ ਹੱਡਾਂ ਤੇ ਮਿੱਟੀ ਕੀ ਕੈਦ ਵਿੱਚ ਨਹੀਂ ਪਾਵਣਾਂ।'' ਮੈਕਾਲਿਫ ਲਿਖਦਾ ਹੈ ਕਿ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਪੁੱਛਿਆ ਬ੍ਰਾਹਮਣ ਦੀ ਦੇਹੀ ਜਲ ਪ੍ਰਵਾਹ ਕੀਤੀ ਜਾਂਦੀ ਹੈ, ਖੱਤਰੀ ਦੀ ਅੱਗ ਵਿਚ ਸਾੜੀ ਜਾਂਦੀ ਹੈ, ਵੈਸ਼ ਦੀ ਪੌਣ ਵਿਚ ਸੁੱਟੀ ਜਾਂਦੀ

ਹੈ ਅਤੇ ਸ਼ੂਦਰ ਦੀ ਦਬਾਈ ਜਾਂਦੀ ਹੈ, ਤੇਰੀ ਦੇਹੀ ਦਾ ਅੰਤਮ ਸਸਕਾਰ ਕਿਸ ਤਰ੍ਹਾਂ ਕੀਤਾ ਜਾਵੇ। ਭਾਈ ਮਰਦਾਨਾ ਜੀ ਨੇ ਉੱਤਰ ਦਿੱਤਾ, ਮਹਾਰਾਜ ਜੀ ਤੁਹਾਡੇ ਉਪਦੇਸ. ਨਾਲ ਮੇਰਾ ਦੇਹ ਅਭਿਮਾਨ ਉੱਕਾ ਹੀ ਨਾਸ ਹੋ ਚੁੱਕਾ ਹੈ। ਚੌਹਾਂ ਵਰਣਾਂ ਦੀਆਂ ਦੇਹਾਂ ਦੇ ਅੰਤਮ ਸਸਕਾਰ ਦੇ ਢੰਗ ਵੀ ਹੰਕਾਰ ਨਾਲ ਹੀ ਸੰਬੰਧ ਰੱਖਦੇ ਹਨ। ਮੈਂ ਤਾਂ ਆਪਣੀ ਆਤਮਾ ਨੂੰ ਕੇਵਲ ਆਪਣੇ ਸਰੀਰ ਦਾ ਸਾਥੀ ਸਮਝਦਾ ਹਾਂ ਮਹਾਰਾਜ ਜਿਵੇਂ ਇੱਛਾ ਹੋਵੇ ਤਿਵੇਂ ਹੀ ਕਰ ਦੇਣਾ। ਗੁਰੂ ਜੀ ਨੇ ਕਿਹਾ, ਤੇਰੀ ਸਮਾਧੀ ਬਣਾ ਕੇ ਤੈਨੂੰ ਜਗਤ ਵਿਚ ਮਸ਼ਹੂਰ ਕਰ ਦੇਈਏ, ਭਾਈ ਮਰਦਾਨਾ ਜੀ ਨੇ ਕਿਹਾ, ਜਦੋਂ ਮੇਰੀ ਆਤਮਾ ਸਰੀਰ ਰੂਪੀ ਸਮਾਧੀ ਵਿੱਚੋਂ ਨਿਕਲ ਜਾਵੇਗੀ ਤਾਂ ਫਿਰ ਉਸ ਨੂੰ ਪੱਥਰ ਜਾਂ ਇੱਟਾਂ ਦੀ ਸਮਾਧ ਵਿਚ ਕਿਉਂ ਕੈਦ ਕਰਦੇ ਹੈਂ ਤਾਂ ਗੁਰੂ ਜੀ ਨੇ ਕਿਹਾ, ਭਾਈ ਮਰਦਾਨਿਆਂ ਤੂੰ ਬ੍ਰਹਮ ਨੂੰ ਪਛਾਣ ਲਿਆ ਹੈ ਤੂੰ ਬ੍ਰਹਮ ਗਿਆਨੀ ਹੈ। ਅੰਮ੍ਰਿਤ ਵੇਲੇ ਨੇ ਸ਼ਰੀਰ ਤਿਆਗ ਦਿੱਤਾ, ਗੁਰੂ ਜੀ ਆਪਣੀ ਚਾਦਰ ਪਾ ਕੇ ਉਸਦਾ ਸੰਸਕਾਰ 1524 ਈ: ਖੁਰਮ ਦਰਿਆ ਕੰਢੇ ਕੀਤਾ।

ਭਾਈ ਮਰਦਾਨਾ ਜੀ ਦੇ ਨਾਂ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਹਾਗੜੇ ਦੀ ਵਾਰ ਮਹਲਾ ੪ ਦੀ ੧੨ਵੀਂ ਪਉੜੀ ਦੇ ਨਾਲ ਤਿੰਨ ਸਲੋਕ ਦਰਜ ਹਨ। ਇਹਨਾਂ ਵਿੱਚ ਸ਼ਰਾਬ ਨੂੰ ਤਿਆਰ ਕੇ ਸੱਚੇ ਅਤੇ ਅਧਿਆਤਮਿਕ ਨਸ਼ੇ ਵਾਲੀ ਸ਼ਰਾਬ ਦਾ ਸੇਵਨ ਕਰਨ ਉੱਤੇ ਬਲ ਦਿੱਤਾ ਹੈ ਅਤੇ ਅਧਿਆਤਮਿਕ ਵਿਕਾਸ ਵਿੱਚ ਸਤਿਸੰਗਤ ਦੀ ਅਹਿਮੀਅਤ ਨੂੰ ਉਜਾਗਰ ਕੀਤਾ ਹੈ। (ਸਿੱਖ ਪੰਥ ਵਿਸ਼ਵ ਕੋਸ਼ ਪੰਨਾ – 1407)

**E-mail : harpritnaz@gmail.com**


Hot millions ®

Salad Bar & Restaurant

*Serving Indian, Chinese, Continental & Italian Food with a regular Indian & Salad Buffet*



*For Free Home Delivery*
*(above Rs. 100/- )*



CHD 2723333 SALAD BAR 2723222
PKL 2579888 MOH 2264300

SCO 76-79,(First Floor) Sector 17-E, Chandigarh. Tel: 272322, 2723111, 2704858

PEPSI

CONTAINS NO FRUIT / CONTAINS ADDED FLAVOUR

# ਸੰਗੀਤ ਜਗਤ ਦਾ 'ਰਵੀ' - ਅਸਤ ਜਾਂ ਉਜਾਗਰ

*ਚਰਨਜੀਤ ਸਿੰਘ

ਪਿਛਲੀ 12 ਦਸੰਬਰ ਨੂੰ 20ਵੀਂ ਸਦੀ ਦੇ ਮਹਾਨ ਸਿਤਾਰ ਵਾਦਕ ਪੰਡਿਤ ਰਵੀ ਸ਼ੰਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਇਸ ਘਟਨਾ ਨੂੰ ਭਾਰਤੀ ਕਲਾ ਅਤੇ ਸਾਹਿਤ ਜਗਤ ਦੀਆਂ ਕਈ ਵੱਡੀਆਂ ਹਸਤੀਆਂ ਨੇ ਮੰਦਭਾਗੀ ਘਟਨਾ ਕਹਿ ਕੇ ਬਿਆਨਿਆ। ਸਾਹਿਤ ਦੀ ਨਾਮਵਰ ਹਸਤੀ ਗੁਲਜ਼ਾਰ ਅਨੁਸਾਰ, "ਉਹਨਾਂ ਦੇ ਜਾਣ ਨਾਲ਼ ਕੇਵਲ ਇੱਕ ਅਧਿਆਇ ਦਾ ਹੀ ਨਹੀਂ ਸਗੋਂ ਪੂਰੀ ਕਿਤਾਬ ਦਾ ਅੰਤ ਹੋ ਗਿਆ ਹੈ।" ਸਰੋਦ ਵਾਦਕ ਅਮਜਦ ਅਲੀ ਖਾਂ ਅਨੁਸਾਰ, "ਰਵੀ ਸ਼ੰਕਰ ਦੇ ਜਾਣ ਨਾਲ਼ ਇੱਕ ਅਜਿਹੇ ਯੁੱਗ ਦਾ ਅੰਤ ਹੋ ਗਿਆ ਹੈ ਜੋ ਸੱਚਮੁੱਚ ਜਾਦੂਮਈ ਸੀ।" ਸਿਤਾਰ ਵਾਦਕ ਉਸਤਾਦ ਸ਼ੁਜਾਤ ਖਾਂ ਅਨੁਸਾਰ, "ਉਹਨਾਂ ਦਾ ਜਾਣਾ ਦੇਸ਼ ਲਈ ਵੱਡਾ ਘਾਟਾ ਹੈ।" ਬੰਸਰੀ ਵਾਦਕ ਹਰੀ ਪ੍ਰਸਾਦ ਚੌਰਸੀਆ ਅਨੁਸਾਰ, "ਪੰਡਿਤ ਰਵੀ ਸ਼ੰਕਰ ਦੇ ਇਸ ਦੁਨੀਆਂ ਤੋਂ ਜਾਣ ਨਾਲ਼ ਭਾਰਤੀ ਸੰਸਕ੍ਰਿਤੀ ਨੂੰ ਬਹੁਤ ਵੱਡਾ ਨੁਕਸਾਨ ਹੋਇਆ ਹੈ।"

ਇਹ ਸੰਸਾਰ ਆਉਣ-ਜਾਣ ਦਾ ਇੱਕ ਮੇਲਾ ਹੈ ਜਿਸ ਵਿੱਚ ਹਜ਼ਾਰਾਂ ਲੋਕ ਆ ਰਹੇ ਹੁੰਦੇ ਹਨ ਤੇ ਹਜ਼ਾਰਾਂ ਹੀ ਜਾ ਰਹੇ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਕਹੀਏ ਕਿ ਇਹ ਦੁਨੀਆਂ ਇੱਕ ਰੰਗ-ਮੰਚ ਹੈ ਜਿਸ ਦੇ ਵੱਖ-ਵੱਖ ਪਾਤਰ ਆਪਣਾ-ਆਪਣਾ ਕਿਰਦਾਰ ਅਦਾ ਕਰਦੇ ਹਨ ਅਤੇ ਚਲੇ ਜਾਂਦੇ ਹਨ। ਇਸ ਲਈ ਬਜਾਏ ਕਿਸੇ ਦੇ ਜਾਣ 'ਤੇ ਦੁੱਖ ਮਨਾਉਣ ਦੇ, ਅਸੀਂ ਇਹ ਦੇਖੀਏ ਕਿ ਜੋ ਮਨੁੱਖ ਇਸ ਸੰਸਾਰ 'ਤੇ ਜੀਵਨ ਬਤੀਤ ਕਰ ਕੇ ਗਿਆ ਹੈ, ਕੀ ਉਸ ਨੇ ਆਪਣਾ ਬਣਦਾ ਰੋਲ ਅਦਾ ਕੀਤਾ ਹੈ? ਫਿਰ ਅਜਿਹੀ ਵਿਸ਼ਵ ਪ੍ਰਸਿੱਧ ਸ਼ਖ਼ਸੀਅਤ, ਜਿਸ ਨੇ ਭਾਰਤੀ ਕਲਾ ਅਤੇ ਸੰਸਕ੍ਰਿਤੀ ਨੂੰ ਪੂਰੇ ਵਿਸ਼ਵ ਵਿੱਚ ਮਹਾਨ ਸਾਬਤ ਕਰਵਾਇਆ ਹੋਵੇ,'ਪੂਰਬ ਅਤੇ ਪੱਛਮ' ਦਾ ਸੁਮੇਲ ਕਰਵਾ ਕੇ 'ਗਰੈਮੀ' ਜਿਹਾ ਵੱਡਾ ਪੁਰਸਕਾਰ ਹਾਸਲ ਕੀਤਾ ਹੋਵੇ, ਸਿਤਾਰ ਜਿਹੇ ਸ਼ਾਸਤਰੀ ਸਾਜ਼ ਨੂੰ ਵਿਸ਼ਵ ਭਰ ਵਿੱਚ ਪਹਿਚਾਣ ਦਿੱਤੀ ਹੋਵੇ, ਜਿਓਂਦੇ-ਜੀਅ ਭਾਰਤ ਦਾ 'ਰਤਨ' ਅਖਵਾਇਆ ਹੋਵੇ, ਕਈ ਜਨਮਾਂ ਦਾ ਕੰਮ ਇੱਕ ਜਨਮ ਵਿੱਚ ਕਰਕੇ ਦੁਨੀਆਂ ਦੇ ਰੰਗਮੰਚ 'ਤੇ ਇੱਕ ਪ੍ਰਭਾਵਸ਼ਾਲੀ ਨਾਇਕ ਦਾ ਅਜਿਹਾ ਕਿਰਦਾਰ ਨਿਭਾਇਆ ਹੋਵੇ ਕਿ ਸੰਸਾਰ ਰੂਪੀ ਇਸ ਵਿਸ਼ਾਲ ਰੰਗਮੰਚ ਦੇ ਸਾਰੇ ਦਰਸ਼ਕਾਂ ਨੇ ਬ੍ਰਹਿਮੰਡ ਰੂਪੀ ਇਸ ਹਾਲ ਨੂੰ ਤਾੜੀਆਂ ਨਾਲ਼ ਗੂੰਜਾਏਮਾਨ ਕਰ ਦਿੱਤਾ ਹੋਵੇ ਤਾਂ ਅਸੀਂ ਕਿਵੇਂ ਕਹਿ ਸਕਦੇ ਹਾਂ ਕਿ ਉਸ ਅਦਾਕਾਰ ਦੇ ਜਾਣ ਨਾਲ਼ ਰੰਗਮੰਚ ਨੂੰ ਘਾਟਾ ਪਿਆ ਹੈ। ਮਨੁੱਖੀ ਸਰੀਰ ਵਿੱਚ ਕੰਮ ਕਰਨ ਦੀ ਜੋ ਸਮਰੱਥਾ ਹੈ, ਉਸ ਤੋਂ ਕਿਤੇ ਵੱਧ ਜੇ ਕੋਈ ਕੰਮ ਕਰ ਕੇ ਗਿਆ ਹੋਵੇ ਤਾਂ ਉਸ ਦੇ ਜਾਣ 'ਤੇ ਦੁੱਖ ਨਹੀਂ ਹੋਣਾ ਚਾਹੀਦਾ, ਸਗੋਂ ਉਸ ਨੂੰ ਆਉਣ ਵਾਲ਼ੀਆਂ

ਪੀੜ੍ਹੀਆਂ ਲਈ ਇੱਕ ਚਾਨਣ-ਮੁਨਾਰੇ ਦੀ ਤਰ੍ਹਾਂ ਹਮੇਸ਼ਾ ਆਪਣੇ ਦਿਲਾਂ ਵਿੱਚ ਯਾਦ ਰੱਖਣਾ ਚਾਹੀਦਾ ਹੈ ਜੋ ਸਾਕਾਰਾਤਮਕ ਸੋਚ ਦੀ ਹੋਂਦ ਨੂੰ ਪ੍ਰਗਟਾਵੇਗਾ।

ਰਵੀ ਸ਼ੰਕਰ ਦੇ ਦੇਹਾਂਤ 'ਤੇ ਕਲਾ ਅਤੇ ਸਾਹਿਤ ਜਗਤ ਦੀਆਂ ਕਈ ਹਸਤੀਆਂ ਨੇ ਦੁੱਖ ਦਾ ਪ੍ਰਗਟਾਵਾ ਕਰਕੇ ਆਪਣੀਆਂ ਭਾਵਨਾਵਾਂ ਵਿਅਕਤ ਕੀਤੀਆਂ ਹਨ ਪਰ ਕਈ ਹਸਤੀਆਂ ਅਜਿਹੀਆਂ ਵੀ ਹਨ, ਜਿਨ੍ਹਾਂ ਨੇ ਇਸ ਘਟਨਾ 'ਤੇ ਸਾਕਾਰਾਤਮਕ ਭਾਵਨਾਵਾਂ ਪ੍ਰਗਟ ਕੀਤੀਆਂ ਹਨ ਜੋ ਕਾਬਲੇ ਤਾਰੀਫ਼ ਹਨ। ਪ੍ਰਸਿੱਧ ਤਬਲਾ ਵਾਦਕ ਜ਼ਾਕਿਰ ਹੁਸੈਨ ਅਤੇ ਗਾਇਕ ਸ਼ੰਕਰ ਮਹਾਦੇਵਨ ਅਨੁਸਾਰ, "ਉਹਨਾਂ ਵਰਗੇ ਬੰਦੇ ਮਰਦੇ ਨਹੀਂ।" ਲਤਾ ਮੰਗੇਸ਼ਕਰ ਅਨੁਸਾਰ, "ਪੰਡਿਤ ਜੀ ਮੇਰੇ ਗੀਤਾਂ ਵਿੱਚ ਹਮੇਸ਼ਾ ਹਨ।" ਦੇਸ਼ ਦੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਅਨੁਸਾਰ, "ਉਹ ਸੰਗੀਤ, ਕਲਾ ਅਤੇ ਸੰਸਕ੍ਰਿਤੀ ਦੇ ਵਿਸ਼ਵ-ਪੱਧਰੀ ਚਿੰਨ੍ਹ ਬਣ ਗਏ ਹਨ।" ਸੰਤੂਰ ਵਾਦਕ ਪੰਡਿਤ ਸਤੀਸ਼ ਵਿਆਸ ਅਨੁਸਾਰ, "ਜੇਕਰ ਅੱਜ ਵਿਸ਼ਵ ਦੇ ਨਕਸ਼ੇ 'ਤੇ ਭਾਰਤੀ ਸ਼ਾਸਤਰੀ ਸੰਗੀਤ ਦੀ ਛਾਪ ਹੈ ਤਾਂ ਉਹ ਕੇਵਲ ਉਹਨਾਂ ਦੀ ਬਦੌਲਤ ਹੈ।" ਸ਼ਾਸਤਰੀ ਗਾਇਕ ਰਾਸ਼ੀਦ ਖਾਂ ਅਨੁਸਾਰ, "ਉਹ ਆਉਣ ਵਾਲ਼ੀ ਪੀੜ੍ਹੀ ਲਈ ਉਤਸ਼ਾਹ ਦੇ ਸ੍ਰੋਤ ਹਨ।" ਪੰਡਿਤ ਜਸਰਾਜ ਅਨੁਸਾਰ, "ਉਹ ਸਾਲਾਂ ਤੱਕ ਸਾਡੇ ਨਾਲ਼ ਰਹਿਣਗੇ।" ਸ਼ਾਸਤਰੀ ਨ੍ਰਿਤਕਾ ਸੋਨਲ ਮਾਨ ਸਿੰਘ ਅਨੁਸਾਰ, "ਉਹ ਇੱਕ ਪ੍ਰੇਮ ਭਰੇ ਅਹਿਸਾਸ ਨਾਲ਼ ਯਾਦ ਕੀਤੇ ਜਾਂਦੇ ਰਹਿਣਗੇ।" ਹਵਾਇਨ ਗਿਟਾਰ ਵਾਦਕ ਵਿਸ਼ਵਮੋਹਨ ਭੱਟ ਅਨੁਸਾਰ, "ਦੇਸ਼ ਨੂੰ ਉਹਨਾਂ 'ਤੇ ਮਾਣ ਹੈ ਅਤੇ ਉਹਨਾਂ ਦੀਆਂ ਸਿੱਖਿਆਵਾਂ ਹਮੇਸ਼ਾ ਯਾਦ ਕੀਤੀਆਂ ਜਾਂਦੀਆਂ ਰਹਿਣਗੀਆਂ।"

ਅਜਿਹੀ ਵਿਚਾਰਧਾਰਾ ਦਾ ਧਾਰਣੀ ਹੋਣਾ ਸਾਕਾਰਾਤਮਕਤਾ ਦੀ ਨਿਸ਼ਾਨੀ ਹੈ। ਇੱਕ ਅਜਿਹੀ ਸ਼ਖ਼ਸੀਅਤ, ਜੋ ਆਉਣ ਵਾਲ਼ੀ ਪੀੜ੍ਹੀ ਲਈ ਇੱਕ ਆਦਰਸ਼ ਹੈ, ਉਸ ਦੇ ਜਾਣ 'ਤੇ ਅਫ਼ਸੋਸ ਮਨਾਉਣ ਦੀ ਬਜਾਏ ਸਾਨੂੰ ਉਹਨਾਂ ਦੀਆਂ ਪ੍ਰਾਪਤੀਆਂ ਅਤੇ ਦੇਸ਼ ਨੂੰ ਦਿੱਤੇ ਯੋਗਦਾਨ ਤੋਂ ਸੇਧ ਲੈਣੀ ਚਾਹੀਦੀ ਹੈ। ਹਾਂ, ਜਿੱਥੇ ਕਿਤੇ ਕਮੀ ਨਜ਼ਰ ਆਉਂਦੀ ਹੈ ਉਸ ਨੂੰ ਨਜ਼ਰ-ਅੰਦਾਜ਼ ਨਹੀਂ ਕਰਨਾ ਚਾਹੀਦਾ ਅਤੇ ਉਸ ਨੂੰ ਦੂਰ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਸਬੰਧੀ ਪ੍ਰਸਿੱਧ ਸ਼ਾਸਤਰੀ ਗਾਇਕਾ ਸ਼ੁਭਾ ਮੁਦਗਲ ਦੁਆਰਾ ਕੀਤੀ ਗਈ ਟਿੱਪਣੀ ਵਿਚਾਰਯੋਗ ਹੈ। ਉਹਨਾਂ ਨੇ ਇਸ ਸਬੰਧੀ ਸਵਾਲ ਕੀਤਾ ਹੈ, "ਸ਼ਾਇਦ ਹੁਣ ਇਹ ਵਿਚਾਰਨ ਦਾ ਸਮਾਂ ਹੈ ਕਿ ਰਵੀ ਸ਼ੰਕਰ ਜਿਹੇ ਸੰਗੀਤਕਾਰ, ਜੋ ਵਿਸ਼ਵ ਲਈ ਭਾਰਤੀ ਸੰਗੀਤ ਦੀ ਚਿੰਨ੍ਹਾਤਮਕ ਸ਼ਖ਼ਸੀਅਤ ਹੈ, ਭਾਰਤ ਤੋਂ ਬਾਹਰ ਆਪਣਾ ਘਰ ਬਨਾਉਣ ਨੂੰ ਪਹਿਲ ਕਿਓਂ ਦਿੰਦੇ ਹਨ?" ਫਿਰ ਇਸ ਸਵਾਲ ਦਾ ਜਵਾਬ ਲੈਣ ਲਈ ਸੁਝਾਓ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਆਪਣੇ ਦੇਸ਼ ਵਿੱਚ ਕਲਾ ਅਤੇ ਕਲਾਕਾਰਾਂ ਨੂੰ ਬਣਦਾ ਸਨਮਾਨ ਦਿੱਤਾ ਜਾਵੇ ਤਾਂ ਸ਼ਾਇਦ ਅਸੀਂ ਇਸ ਸਵਾਲ ਦਾ ਜਵਾਬ ਪ੍ਰਾਪਤ ਕਰ ਸਕਦੇ ਹਾਂ।

ਪਰ ਦੇਖਿਆ ਜਾਵੇ ਤਾਂ ਸ਼ੁਭਾ ਮੁਦਗਲ ਦਾ ਇਹ ਵਿਚਾਰ ਜ਼ਿਆਦਾ ਠੋਸ ਪ੍ਰਤੀਤ ਨਹੀਂ ਹੁੰਦਾ ਕਿਓਂਕਿ ਸਾਡੇ ਦੇਸ਼ ਵਿੱਚ ਅਜਿਹੇ ਫ਼ਨਕਾਰਾਂ ਦੀ ਕਮੀ ਨਹੀਂ ਹੈ ਜੋ ਵਿਸ਼ਵ ਪ੍ਰਸਿੱਧ ਹੁੰਦੇ ਹੋਏ ਵੀ ਭਾਰਤ ਦੇਸ਼ ਦੇ ਵਾਸੀ ਹਨ। ਜੇਕਰ ਰਵੀ ਸ਼ੰਕਰ ਦੇਸ਼ ਤੋਂ ਬਾਹਰ ਰਹੇ ਹਨ ਤਾਂ ਇਸ ਦੇ ਵੀ ਕਾਰਨ ਹੋ ਸਕਦੇ

ਹਨ। ਰਵੀ ਸ਼ੰਕਰ ਨੂੰ ਸਿਰਫ਼ 9 ਸਾਲ ਦੀ ਉਮਰ ਵਿੱਚ ਆਪਣੇ ਵੱਡੇ ਭਰਾ ਉਦੈ ਸ਼ੰਕਰ ਦੀ ਨਾਟਕ ਮੰਡਲੀ ਨਾਲ਼ ਦੇਸ਼ਾਂ ਵਿਦੇਸ਼ਾਂ ਵਿੱਚ ਜਾਣ ਦਾ ਅਵਸਰ ਪ੍ਰਾਪਤ ਹੋਇਆ। ਸ਼ਾਇਦ ਇਸੇ ਦਾ ਨਤੀਜਾ ਹੈ ਕਿ ਮੇਹਰ ਵਿੱਚ ਉਸਤਾਦ ਅਲਾਊਦੀਨ ਖਾਂ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਉਹਨਾਂ ਦਾ ਝੁਕਾਓ ਵਿਦੇਸ਼ ਵੱਲ ਹੀ ਰਿਹਾ ਅਤੇ ਬਾਅਦ ਵਿੱਚ ਪੱਕੇ ਤੌਰ 'ਤੇ ਵਿਦੇਸ਼ ਵਿੱਚ ਰਹਿਣ ਲੱਗ ਗਏ। ਉਹ ਭਾਰਤ ਤੋਂ ਬਾਹਰ ਕਿਉਂ ਰਹੇ, ਇਹ ਸਵਾਲ ਉਠਾਉਣ ਦੀ ਬਜਾਏ ਅਸੀਂ ਇਹ ਦੇਖੀਏ ਕਿ ਜੇ ਉਹ ਭਾਰਤ ਤੋਂ ਬਾਹਰ ਰਹੇ ਤਾਂ ਹੀ ਭਾਰਤੀ ਸਾਜ਼ ਸਿਤਾਰ ਦੀ ਪਹਿਚਾਣ ਪੂਰੇ ਵਿਸ਼ਵ ਵਿੱਚ ਬਣੀ। ਸਿਤਾਰ ਨੂੰ ਵਿਸ਼ਵ ਪ੍ਰਸਿੱਧ ਕਰਨਾ ਇੱਕ ਦਿਨ ਦਾ ਕੰਮ ਨਹੀਂ ਹੋ ਸਕਦਾ। ਵਿਦੇਸ਼ ਰਹਿ ਕੇ ਯਹੂਦੀ ਮੈਨੂਹਿਨ ਅਤੇ ਜਾੱਰਜ ਹੈਰੀਸਨ ਜਿਹੇ ਸੰਗੀਤਕਾਰਾਂ ਨਾਲ਼ ਲੰਮਾ ਸਮਾਂ ਕੰਮ ਕਰਕੇ ਹੀ ਉਹਨਾਂ ਨੇ ਇਹ ਮੰਜ਼ਿਲ ਸਰ ਕੀਤੀ ਹੈ। ਅੱਜ ਵਿਸ਼ਵ ਭਰ ਵਿੱਚ ਸਿਤਾਰ ਦੀ ਜੇਕਰ ਪਹਿਚਾਣ ਹੈ ਤਾਂ ਉਹ ਰਵੀ ਸ਼ੰਕਰ ਦੀ ਬਦੌਲਤ ਹੈ।

ਜੇ ਸਾਕਾਰਾਤਮਕ ਨਜ਼ਰੀਏ ਤੋਂ ਵਾਚਿਆ ਜਾਵੇ ਤਾਂ ਅਸੀਂ ਦੇਖਦੇ ਹਾਂ ਕਿ ਬੇਸ਼ੱਕ ਰਵੀ ਸ਼ੰਕਰ ਵਿਦੇਸ਼ ਰਹੇ ਪਰ ਉੱਥੇ ਰਹਿ ਕੇ ਉਹਨਾਂ ਨੇ ਭਾਰਤੀ ਸੰਗੀਤ ਅਤੇ ਸੰਸਕ੍ਰਿਤੀ ਨੂੰ ਛੱਡਿਆ ਨਹੀਂ ਸਗੋਂ ਵਿਸ਼ਵ ਪੱਧਰ 'ਤੇ ਭਾਰਤੀ ਸੰਗੀਤ ਦਾ ਲੋਹਾ ਮਨਵਾਇਆ। ਉਹਨਾਂ ਨੇ ਤਿੰਨ ਗਰੈਮੀ ਅਵਾਰਡ ਪ੍ਰਾਪਤ ਕੀਤੇ ਅਤੇ ਚੌਥੇ ਲਈ ਉਹਨਾਂ ਦਾ ਨਾਮ ਚੁਨਾਵ ਸੂਚੀ ਵਿੱਚ ਅੰਕਿਤ ਕੀਤਾ ਜਾ ਚੁੱਕਾ ਸੀ। ਪਹਿਲਾ ਗਰੈਮੀ ਅਵਾਰਡ 1967 ਵਿੱਚ ਯਹੂਦੀ ਮੈਨੂਹਿਨ ਨਾਲ਼ ਮਿਲ ਕੇ ਕੀਤੀ 'ਵੈਸਟ ਮੀਟਸ ਈਟਸ' ਦੀ ਪੇਸ਼ਕਾਰੀ ਨੂੰ 'ਬੈਸਟ ਚੈਂਬਰ ਮਿਊਜ਼ਿਕ ਪਰਫ਼ਾੱਰਮੈਂਸ' ਦੇ ਨਾਮ ਹੇਠ ਮਿਲਿਆ। 1971 ਵਿੱਚ ਨਿਊਯਾਰਕ ਵਿੱਚ ਜਾੱਰਜ ਹੈਰੀਸਨ ਨਾਲ਼ ਬੰਗਲਾਦੇਸ਼ ਲਈ ਕੀਤੇ ਸੰਮੇਲਨ ਵਿੱਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ, ਜਿਸ ਨੂੰ ਦੂਜਾ ਗਰੈਮੀ ਅਵਾਰਡ ਪ੍ਰਾਪਤ ਹੋਇਆ। ਸੰਨ 2000 ਵਿੱਚ 'ਫ਼ੁੱਲ ਸਰਕਲ : ਕਾਰਨਜੀ ਹਾਲ 2000' ਲਈ ਬੈਸਟ ਮਿਊਜ਼ਿਕ ਐਲਬੰਮ ਦੇ ਨਾਮ ਹੇਠ ਤੀਜਾ ਗਰੈਮੀ ਪੁਰਸਕਾਰ ਪ੍ਰਾਪਤ ਕੀਤਾ। 1460 ਤੋਂ ਲੈ ਕੇ 1980 ਤੱਕ ਰਵੀ ਸ਼ੰਕਰ ਪੱਛਮ ਵਿੱਚ ਭਾਰਤੀ ਸੰਗੀਤ ਦੇ ਸਿੱਖਿਅਕ ਦੇ ਤੌਰ 'ਤੇ ਅਤੇ ਵਾਇਲਨ ਵਾਦਕ ਯਹੂਦੀ ਮੈਨੂਹਿਨ ਤੇ ਗਿਟਾਰ ਵਾਦਕ ਜਾੱਰਜ ਹੈਰੀਸਨ ਨਾਲ਼ ਮਿਲ ਕੇ ਕੀਤੇ ਮੰਚ-ਪ੍ਰਦਰਸ਼ਨਾਂ ਰਾਹੀਂ ਭਾਰਤੀ ਸੰਸਕ੍ਰਿਤੀ ਤੇ ਸ਼ਾਸਤਰੀ ਸੰਗੀਤ ਦੇ ਰਾਜਦੂਤ ਦੇ ਤੌਰ 'ਤੇ ਜਾਣੇ ਜਾਂਦੇ ਰਹੇ। ਰਵੀ ਸ਼ੰਕਰ ਆਪਣੇ ਜੀਵਨ ਦੇ ਆਖ਼ਰੀ ਦਿਨਾਂ ਤੱਕ ਸਿਤਾਰ ਵਜਾਉਂਦੇ ਰਹੇ। ਉਹਨਾਂ ਨੇ 4 ਨਵੰਬਰ 2012 ਨੂੰ ਟੈਰੇਸ ਥਿਏਟਰ ਕੈਲੇਫ਼ੋਰਨੀਆ ਵਿਖੇ ਬੇਟੀ ਅਨੁਸ਼ਕਾ ਸ਼ੰਕਰ ਨਾਲ਼ ਆਪਣਾ ਆਖ਼ਰੀ ਪ੍ਰੋਗਰਾਮ ਪੇਸ਼ ਕੀਤਾ।

ਜਿੰਨਾ ਕੰਮ ਰਵੀ ਸ਼ੰਕਰ ਨੇ ਵਿਦੇਸ਼ ਵਿੱਚ ਰਹਿ ਕੇ ਭਾਰਤੀ ਸੰਗੀਤ ਲਈ ਕੀਤਾ, ਉਸ ਤੋਂ ਕਿਤੇ ਜ਼ਿਆਦਾ ਆਪਣੇ ਦੇਸ਼ ਵਿੱਚ ਰਹਿ ਕੇ ਵੀ ਕੀਤਾ। 1938 ਵਿੱਚ ਵੱਡੇ ਭਰਾ ਉਦੈ ਸ਼ੰਕਰ ਦੀ ਨ੍ਰਿਤ ਮੰਡਲੀ ਛੱਡ ਕੇ ਵਾਪਸ ਦੇਸ਼ ਪਰਤ ਆਏ ਅਤੇ ਅਲਾਉਦੀਨ ਖਾਂ ਤੋਂ ਸਿਤਾਰ ਦੀ ਸਿੱਖਿਆ ਲੈਣੀ ਸ਼ੁਰੂ ਕੀਤੀ। 1946 ਵਿੱਚ ਇਪਟਾ (ਇੰਡੀਅਨ ਪੀਪਲਜ਼ ਥਿਏਟਰ ਐਸੋਸੀਏਸ਼ਨ) ਵਿੱਚ ਬਤੌਰ ਸੰਗੀਤ ਨਿਰਦੇਸ਼ਕ ਕੰਮ ਕਰਨਾ ਸ਼ੁਰੂਕੀਤਾ। ਇਸ ਦੌਰਾਨ ਇਕਬਾਲ ਦੇ ਗੀਤ 'ਸਾਰੇ ਯਹਾਂ ਸੇ ਅੱਛਾ ਹਿੰਦੋਸਤਾਂ ਹਮਾਰਾ'

ਲਈ ਸੰਗੀਤ ਦਿੱਤਾ। ਸੱਤਿਆਜੀਤ ਰੇ ਦੀਆਂ ਫ਼ਿਲਮਾਂ 'ਅੱਪੂ ਟਰੀਲੋਜੀ' ਅਤੇ 'ਪੱਥਰ ਪਾਂਚਾਲੀ' ਲਈ ਸੰਗੀਤ ਦਿੱਤਾ। ਇਸ ਤੋਂ ਇਲਾਵਾ ਚੇਤਨ ਆਨੰਦ ਦੀ 'ਨੀਚਾ ਨਗਰ', ਮੈਕਸਿਮ ਗੋਰਕੀ ਦੇ ਹਿੰਦੀ ਅਨੁਵਾਦ 'ਲੋਅਰ ਡੈਪਥਜ਼' ਅਤੇ ਅਹਿਮਦ ਅੱਬਾਸ ਦੀ 'ਧਰਤੀ ਕੇ ਲਾਲ' ਫ਼ਿਲਮਾਂ ਲਈ ਸੰਗੀਤ ਨਿਰਦੇਸ਼ਨ ਕੀਤਾ। 1949 ਤੋਂ 1956 ਤੱਕ 'ਆਲ ਇੰਡੀਆ ਰੇਡੀਓ' ਲਈ ਬਤੌਰ ਸੰਗੀਤ ਨਿਰਦੇਸ਼ਕ ਕੰਮ ਕੀਤਾ। ਇਸ ਦੌਰਾਨ ਪੱਛਮੀ ਸਾਜ਼ਾਂ ਅਤੇ ਭਾਰਤੀ ਸ਼ਾਸਤਰੀ ਸਾਜ਼ਾਂ ਨੂੰ ਮਿਲਾ ਕੇ ਭਾਰਤੀ ਆਰਕੈਸਟਰਾ ਨੂੰ ਪ੍ਰਫੁੱਲਿਤ ਕੀਤਾ।

ਉਹਨਾਂ ਨੇ ਕਈ ਨਵੇਂ ਰਾਗਾਂ ਦੀ ਰਚਨਾ ਕੀਤੀ, ਜਿਨ੍ਹਾਂ ਵਿੱਚੋਂ ਪਰਮੇਸ਼੍ਵਰੀ, ਕਾਮੇਸ਼੍ਵਰੀ, ਗੰਗੇਸ਼੍ਵਰੀ, ਜੋਗੇਸ਼੍ਵਰੀ, ਨਟ-ਭੈਰਵ, ਵੈਰਾਗੀ-ਤੋੜੀ, ਕੌਸ਼ਿਕ ਤੋੜੀ, ਤਿਲਕਸ਼ਾਮ, ਮੋਹਨਕੌਂਸ, ਮਨਮੰਜਰੀ, ਪੰਚਮ ਸੇ ਗਾਰਾ ਆਦਿ ਦੇ ਨਾਮ ਵਰਣਨਯੋਗ ਹਨ। ਰਵੀ ਸ਼ੰਕਰ ਸਿਰਫ਼ ਮੰਚ-ਪ੍ਰਦਰਸ਼ਕ ਹੀ ਨਹੀਂ ਸਨ, ਸਗੋਂ ਕਲਮ ਦੇ ਵੀ ਧਨੀ ਸਨ। ਉਹਨਾਂ ਨੇ ਤਿੰਨ ਕਿਤਾਬਾਂ ਲਿਖੀਆਂ, ਜਿਨ੍ਹਾਂ ਵਿੱਚੋਂ ਦੋ ਅੰਗਰੇਜ਼ੀ ਭਾਸ਼ਾ ਵਿੱਚ ਹਨ - 'ਮਾਈ ਮਿਊਜ਼ਿਕ ਮਾਈ ਲਾਈਫ਼' ਅਤੇ 'ਰਾਗ ਮਾਲਾ' ਜੋ ਬਾਅਦ ਵਿੱਚ ਉਹਨਾਂ ਦੀ ਆਤਮਕਥਾ ਬਣੀ। ਤੀਜੀ ਕਿਤਾਬ 'ਰਾਗ-ਅਨੁਰਾਗ' ਬੰਗਾਲੀ ਭਾਸ਼ਾ ਵਿੱਚ ਹੈ।

ਦੇਸ਼- ਵਿਦੇਸ਼ ਵਿੱਚ ਰਵੀ ਸ਼ੰਕਰ ਦੀਆਂ ਪ੍ਰਾਪਤੀਆਂ ਨੂੰ ਮੱਦੇ-ਨਜ਼ਰ ਰਖਦੇ ਹੋਏ ਭਾਰਤ ਸਰਕਾਰ ਵੱਲੋਂ ਉਹਨਾਂ ਨੂੰ 1967 ਵਿੱਚ ਪਦਮ ਭੂਸ਼ਣ, 1981 ਵਿੱਚ 'ਪਦਮ ਵਿਭੂਸ਼ਣ' ਅਤੇ 1999 ਵਿੱਚ ਸਰਵੋਤਮ ਭਾਰਤੀ ਨਾਗਰਿਕ ਪੁਰਸਕਾਰ 'ਭਾਰਤ ਰਤਨ' ਦੇ ਕੇ ਨਿਵਾਜਿਆ ਗਿਆ। 1986 ਵਿੱਚ ਰਾਜ ਸਭਾ ਦੇ ਮੈਂਬਰ ਵਜੋਂ ਨਾਮਜ਼ਦ ਕੀਤਾ ਗਿਆ। ਆਪਣੇ ਜੀਵਨ ਕਾਲ ਦੌਰਾਨ ਉਹਨਾਂ ਨੂੰ ਵੱਖ-ਵੱਖ ਯੂਨੀਵਰਸਿਟੀਆਂ ਵੱਲੋਂ ਡਾੱਕਟਰੇਟ ਦੀਆਂ 14 ਆੱਨਰੇਰੀ ਡਿਗ਼ਰੀਆਂ ਪ੍ਰਾਪਤ ਹੋਈਆਂ।

ਦੇਸ਼ ਦੁਨੀਆਂ ਵਿੱਚ ਹਿੰਦੁਸਤਾਨੀ ਸੰਗੀਤ ਅਤੇ ਸਿਤਾਰ ਦੀ ਧਾਕ ਜਮਾਉਣ ਵਾਲ਼ਾ 'ਰਵੀ' ਬੇਸ਼ੱਕ ਅਸਤ ਹੋ ਗਿਆ ਜਾਪਦਾ ਹੈ ਪ੍ਰੰਤੂਆਪਣੇ ਅਣਥੱਕ ਰਿਆਜ਼, ਸੰਗੀਤ ਪ੍ਰਤੀ ਅਥਾਹ ਲਗਨ, ਮਰਦੇ ਦਮ ਤੱਕ ਸਿਤਾਰ ਵਜਾਉਣ ਦਾ ਜਨੂੰਨ ਰੱਖਣ ਵਾਲ਼ਾ ਇਹ ਰਵੀ ਸੰਗੀਤ ਸਿੱਖਣ ਦੀ ਲਲਕ ਰੱਖਣ ਵਾਲ਼ੀ ਨਵੀਂ ਪੀੜ੍ਹੀ ਨੂੰ ਹਮੇਸ਼ਾ ਆਪਣੇ ਤੇਜ ਨਾਲ਼ ਪ੍ਰਕਾਸ਼ਮਈ ਕਰਦਾ ਰਹੇਗਾ।

ਖੋਜਾਰਥੀ, ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲ਼ਾ।

ਮੋਬਾਇਲ : 9855031968

**IF YOU WANT TO DONATE**

for Amrit Kirtan Magazine & Kirtan CD Sewa, you can send by Money Orders, Demand Drafts, Cheque to Amrit Kirtan Trust, # 422, Sector 15-A, Chandigarh or deposit online direct in Amrit Kirtan Trust Account No. 65079603302, State Bank of Patiala, IFS Code STBP 0000240, Sector 22-B, Chandigarh. For more information contact : Dr. Jagir Singh, Mobile : 09814053630

# ਸੰਗੀਤ ਸਾਹਿਤ ਪਰੀਚੈ

ਰਿਸ਼ਪਾਲ ਸਿੰਘ

| | | |
|---|---|---|
| **ਪੁਸਤਕ** | **:** | **ਗੁਰਮਤਿ ਸੰਗੀਤ ਸਾਗਰ** |
| ਭਾਗ | : | ਚਾਰ ਭਾਗ |
| ਭਾਸ਼ਾ | : | ਪੰਜਾਬੀ |
| **ਲੇਖਕ** | **:** | **ਪ੍ਰਿੰਸੀਪਲ ਦਿਆਲ ਸਿੰਘ** |
| ਪ੍ਰਕਾਸ਼ਨ ਅਦਾਰਾ | : | ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ |
| ਪ੍ਰਕਾਸ਼ਨ ਸਾਲ | : | 1996,2000 |

ਗੁਰਮਤਿ ਸੰਗੀਤ ਸਾਗਰ ਪੁਸਤਕ ਪ੍ਰਿੰਸੀਪਲ ਦਿਆਲ ਸਿੰਘ ਹੁਰਾਂ ਦੀ ਕ੍ਰਿਤ ਹੈ ਜਿਸਦਾ ਪ੍ਰਕਾਸ਼ਨ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਸ ਸਿਰਲੇਖ ਹੇਠ ਪੁਸਤਕ ਦੇ ਚਾਰ ਭਾਗ ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿੱਚੋਂ ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸਾਸ਼ਤਰੀ ਸੰਗੀਤ ਦੀ ਵੀ ਵੱਡਮੁਲੀ ਜਾਣਕਾਰੀ ਮਿਲਦੀ ਹੈ। ਇਸ ਪੁਸਤਕ ਦਾ ਭਾਗ ਪਹਿਲਾ ਗੁਰਬਾਣੀ ਸੰਗੀਤ ਦੀ ਗਾਇਨ ਵਿਧਾ ਆਸਾ ਦੀ ਵਾਰ ਉੱਪਰ ਅਧਾਰਿਤ ਹੈ। ਇਸ ਪੁਸਤਕ ਵਿੱਚ 14 ਰਾਗਾਂ ਦੇ ਖੋਜ ਲੇਖ, ਆਲਾਪ, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ 225 ਪ੍ਰਾਚੀਨ ਸ਼ਬਦ ਰੀਤਾਂ ਅਤੇ 22 ਪੜਤਾਲਾਂ ਨੂੰ ਲਿਪੀਬੱਧ ਕੀਤਾ ਹੈ। ਪੁਸਤਕ ਵਿੱਚ ਛੇ ਰਾਗਾਂ ਵਿੱਚ ਆਸਾ ਦੀ ਵਾਰ ਸਿਖਣ ਦਾ ਸਰਲ ਢੰਗ ਦਸਿਆ ਗਿਆ ਹੈ। ਗੁਰਮਤਿ ਸੰਗੀਤ ਦੇ ਨਾਲ-ਨਾਲ ਭਾਰਤੀ ਸੰਗੀਤ ਦੇ ਸਵਰ, ਸ਼ਰੁਤੀ, ਥਾਟ, ਸੰਗੀਤ ਦੀਆਂ ਦੋਵੇਂ ਸੰਗੀਤ ਪੱਧਤੀਆਂ ਅਤੇ ਗਾਇਕ ਦੇ ਗੁਣ ਅਤੇ ਅਵਗੁਣ ਨਾਮਕ ਵਿਸ਼ਿਆਂ ਨੂੰ ਛੁਹਿਆ ਹੈ।

ਗੁਰਮਤਿ ਸੰਗੀਤ ਸਾਗਰ ਭਾਗ ਦੂਜਾ ਦਾ ਪ੍ਰਕਾਸ਼ਨ ਸੰਨ 1996 ਵਿੱਚ ਸੁਰੂ ਹੋਇਆ ਅਤੇ ਸੰਨ 2000 ਵਿੱਚ ਪੂਰਾ ਹੋਇਆ। ਇਸ ਪੁਸਤਕ ਵਿੱਚ ਲੇਖਕ ਨੇ ਆਪਣੇ ਸਮੇਂ ਤੋਂ 40 ਸਾਲ ਪਹਿਲਾਂ ਤਕ ਦੀਆਂ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਸਰਾਹੁਣਯੋਗ ਉਪਰਾਲਾ ਕੀਤਾ ਹੈ। ਲੇਖਕ ਦਾ ਮੰਨਣਾ ਹੈ ਕਿ ਜਦੋਂ ਉਸਨੇ ਇਹਨਾਂ ਪ੍ਰਾਚੀਨ ਸ਼ਬਦ ਰੀਤਾਂ ਨੂੰ ਲਿਪੀਬੱਧ ਕਰਨ ਦਾ ਯਤਨ ਅਰੰਭਿਆ ਤਾਂ ਗਿਆਤ ਹੋਇਆ ਕਿ ਇਹਨਾਂ ਸ਼ਬਦ ਰੀਤਾਂ ਵਿੱਚ ਕੁਝ ਅਜਿਹੀਆਂ ਸ਼ਬਦ ਰੀਤਾਂ ਵੀ ਹਨ ਜੋ ਆਧੁਨਿਕ ਥਾਟ ਪ੍ਰਣਾਲੀ ਨਾਲ ਮੇਲ ਨਹੀਂ ਖਾਂਦੀਆਂ ਕਿਉਂਕਿ ਉਹਨਾਂ ਸ਼ਬਦ ਰੀਤਾਂ ਦੇ ਨਾਮ, ਥਾਟ, ਵਾਦੀ, ਸੰਵਾਦੀ ਆਦਿ ਵਿੱਚ ਵਖਰੇਵਾਂ ਹੈ, ਸੋ ਇਸ ਵਖਰੇਵੇਂ ਨੂੰ ਸਪਸ਼ਟ ਕਰਨ ਹਿੱਤ ਪਹਿਲਾਂ ਉਹਨਾਂ ਰਾਂਗਾਂ ਉਪਰ ਖੋਜ ਕਰਕੇ ਲੇਖ ਲਿਖੇ ਅਤੇ ਬਾਅਦ ਵਿੱਚ ਪ੍ਰਚਲਿਤ ਥਾਟ ਪੱਧਤੀ ਅਨੁਸਾਰ ਸ਼ਬਦ ਰੀਤਾਂ ਨੂੰ

ਲਿਪੀਬੱਧ ਕੀਤਾ ਹੈ। ਆਰੰਭ ਵਿੱਚ ਲੇਖਕ ਨੇ ਸ਼ੜਜ ਗ੍ਰਾਮ, ਮਧਿਅਮ ਗ੍ਰਾਮ, ਗੰਧਾਰ ਗ੍ਰਾਮ ਅਤੇ 21 ਮੂਰਛਨਾਵਾਂ ਨਾਲ ਸਬੰਧਿਤ ਖੋਜ ਕਰਕੇ ਇਹ ਸਪਸ਼ਟ ਕਰਨ ਦਾ ਯਤਨ ਕੀਤਾ ਹੈ ਕਿ ਪ੍ਰਾਚੀਨ ਕਾਲ ਵਿੱਚ ਸ਼ੜਜ ਅਤੇ ਮਧਿਅਮ ਗ੍ਰਾਮ ਦੀਆਂ ਮੂਰਛਨਾਵਾਂ ਦੁਆਰਾ ਰਾਗ ਕਿਵੇਂ ਉਤਪੰਨ ਹੁੰਦੇ ਸਨ ? ਰਾਗਾਂ ਦੇ ਲਛਣ, ਥਾਟ ਪੱਧਤੀ ਦਾ ਵਿਕਾਸ, ਦੱਖਣੀ ਅਤੇ ਉੱਤਰੀ ਸੰਗੀਤ ਪੱਧਤੀ ਦੇ 12 ਸੁਰਾਂ ਤੋਂ 72 ਜਾਂ 32 ਥਾਟਾਂ ਦੀ ਉੱਤਪਤੀ ਦਾ ਵਿਧਾਨ ਦਸਿਆ ਹੈ।ਪੁਸਤਕ ਵਿੱਚ 234 ਪ੍ਰਾਚੀਨ ਸ਼ਬਦ ਰੀਤਾਂ ਅਤੇ 13 ਨਵੀਨ ਪੜਤਾਲਾਂ ਜੋ ਕਿ 21 ਰਾਗਾਂ ਵਿੱਚ ਲਿਪੀਬੱਧ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ ਦਾ ਸੰਗ੍ਰਹਿ ਕਰਕੇ ਗੁਰਮਤਿ ਸੰਗੀਤ ਸਾਗਰ ਦੇ ਰੂਪ ਵਿੱਚ ਸੰਗੀਤ ਜਗਿਆਸੂਆਂ ਨੂੰ ਅਰਪਣ ਕੀਤਾ ਹੈ।

ਗੁਰਮਤਿ ਸੰਗੀਤ ਸਾਗਰ ਭਾਗ ਤੀਜਾ ਦਾ ਪ੍ਰਕਾਸ਼ਨ ਸੰਨ 1993 ਵਿੱਚ ਗੁਰੂ ਨਾਨਕ ਵਿਦਿਆ ਭੰਡਾਰ ਟਰੱਸਟ, ਨਵੀਂ ਦਿੱਲੀ ਨੇ ਕਰਵਾਇਆ। ਇਹ ਪੁਸਤਕ ਗੁਰਮਤਿ ਸੰਗੀਤ ਦੇ ਵੱਖ-ਵੱਖ ਪਹਿਲੂਆਂ ਦਾ ਬਹੁਮੁੱਲਾ ਸੰਗ੍ਰਹਿ ਹੈ। ਭਾਰਤੀ ਸੰਗੀਤ ਨੂੰ ਗੁਰਮਤਿ ਸੰਗੀਤ ਦਾ ਆਧਾਰ ਮੰਨਦੇ ਹੋਏ ਭਾਰਤੀ ਸੰਗੀਤ ਦਾ ਇਤਿਹਾਸ, ਸੰਗੀਤ ਦੀ ਉੱਤਪਤੀ, ਵੈਦਿਕ ਕਾਲ, ਬੁੱਧ ਕਾਲ, ਮੁਸਲਿਮ ਕਾਲ ਵਿੱਚ ਸੰਗੀਤ ਦਾ ਵਿਕਾਸ ਆਦਿ ਵਿਸ਼ਿਆਂ ਉੱਪਰ ਆਪਣੇ ਵਿਚਾਰ ਪੇਸ ਕੀਤੇ ਹਨ।ਇਸ ਤੋਂ ਇਲਾਵਾ ਭਾਰਤੀ ਸੰਗੀਤ ਦੀਆਂ ਧਰੁਪਦ, ਧਮਾਰ, ਖਿਆਲ, ਟੱਪਾ, ਠੁਮਰੀ,ਤਰਾਨਾ, ਗਜਲ, ਕੱਵਾਲੀ ਅਤੇ ਚਤੁਰੰਗ ਗਾਇਨ ਸ਼ੈਲੀਆਂ ਦਾ ਇਤਿਹਾਸਿਕ ਵਿਵੇਚਨ ਵੀ ਕੀਤਾ ਗਿਆ ਹੈ। ਪੁਸਤਕ ਦੇ ਸਿਰਲੇਖ ਨੂੰ ਧਿਆਨ ਵਿੱਚ ਰੱਖਦੇ ਹੋਏ ਭਗਤੀ ਸੰਗੀਤ ਦੀਆਂ ਦੋ ਪ੍ਰਣਾਲੀਆਂ ਭਜਨ-ਕੀਰਤਨ ਅਤੇ ਸਾਸ਼ਤਰ ਬੱਧ-ਕੀਰਤਨ ਤੋਂ ਅਧਿਆਤਮਕ ਸ਼ਰੋਤਿਆਂ ਨੂੰ ਜਾਣੂੰ ਕਰਵਾਇਆ ਹੈ। ਇਸ ਪੁਸਤਕ ਵਿੱਚ ਲੇਖਕ ਨੇ ਗੁਰਮਤਿ ਸੰਗੀਤ ਅਤੇ ਸਾਸ਼ਤਰੀ ਸੰਗੀਤ ਦਾ ਤੁਲਨਾਤਮਕ ਅਧਿਐਨ, ਭਗਤੀ ਸੰਗੀਤ ਅਤੇ ਗੁਰਮਤਿ ਸੰਗੀਤ, ਗੁਰਮਤਿ ਸੰਗੀਤ ਦੇ ਸਾਜ ਅਤੇ ਕੀਰਤਨ ਮਰਿਯਾਦਾ ਅਤੇ ਗੁਰਮਤਿ ਸੰਗੀਤ ਦੀ ਅਧੋਗਤੀ ਨਾਮੀ ਅਹਿਮ ਵਿਸ਼ਿਆਂ ਨੂੰ ਉਭਾਰਨ ਦਾ ਯਤਨ ਕੀਤਾ ਹੈ। ਇਸ ਪੁਸਤਕ ਵਿੱਚ 256 ਪ੍ਰਾਚੀਨ ਸ਼ਬਦ ਰੀਤਾਂ ਉਪਲੱਬਧ ਹਨ।ਕਈ ਬੰਦਿਸ਼ਾਂ ਭਾਰਤੀ ਸੰਗੀਤ ਦੇ ਰਾਗਾਂ ਜਿਵੇਂ ਭਟਿਆਰ, ਸੰਕਰਾ, ਸੋਹਨੀ, ਲਲਿਤ ਅਤੇ ਖਮਾਜੀ ਭਟਿਆਰ ਵਿੱਚ ਦਰਜ ਹਨ ਜਦਕਿ ਇਹ ਰਾਗ ਗੁਰਮਤਿ ਸੰਗੀਤ ਦੇ ਰਾਗ ਨਹੀਂ ਹਨ। ਹਰ ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਦਾ ਖੋਜ ਲੇਖ, ਆਲਾਪ, ਬੰਦਿਸ਼, ਤਾਨਾਂ ਅਤੇ ਵੱਖ-ਵੱਖ ਤਾਲਾਂ ਵਿੱਚ ਬੰਦਿਸ਼ਾਂ ਦਾ ਸੰਗ੍ਰਹਿ ਮੌਜੂਦ ਹੈ। ਗੁਰਮਤਿ ਸੰਗੀਤ ਤੋਂ ਇਲਾਵਾ ਦੋ ਠੁਮਰੀਆਂ,ਇਕ ਗੁਲਦਸਤਾ ਲਿਪੀਬੱਧ ਹੈ।

ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,
ਨਵੀਂ ਦਿੱਲੀ 110 060 ਫੋਨ : 25862955

# ਗੁਰਮਤਿ ਸੰਗੀਤ ਦੀ ਵਿਲੱਖਣਤਾ

ਡਾ.ਹਰਜਸ ਕੌਰ

ਗੁਰਮਿਤ ਸੰਗੀਤ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਸ ਖਾਲਕ ਦੇ ਆਦੇਸ਼ ਨੂੰ ਸਰਬ ਲੋਕਾਈ ਤੱਕ ਸੰਚਾਰਿਤ ਕਰਨ ਲਈ ਸੰਗੀਤ ਨੂੰ ਇਕ ਵਿਸ਼ਿਸ਼ਟ ਸੰਚਾਰ ਜੁਗਤ ਵਜੋਂ ਅਪਣਾਇਆ। ਸ਼ਬਦ ਅਤੇ ਸੰਗੀਤ ਦੇ ਸੁਮੇਲ ਸ਼ਬਦ-ਕੀਰਤਨ ਦੇ ਸਮੁਚੇ ਵਿਧੀ ਵਿਧਾਨ ਅਤੇ ਪ੍ਰਸਤੁਤੀ ਪ੍ਰਕ੍ਰਿਆ ਨੂੰ 'ਗੁਰਮਤਿ ਸੰਗੀਤ' ਕਿਹਾ ਜਾਂਦਾ ਹੈ। ਗੁਰਮਤਿ ਸੰਗੀਤ ਦੇ ਆਧਾਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ/ ਸ਼ਬਦ ਦੀ ਪ੍ਰਸਤੁਤੀ ਲਈ ਸੁਨਿਸ਼ਚਿਤ ਸੰਗੀਤ ਪ੍ਰਬੰਧ ਦੀ ਸਿਰਜਣਾ ਕੀਤੀ ਜੋ ਵਿਗਿਆਨਕ ਪਹੁੰਚ ਦਾ ਧਾਰਣੀ ਹੈ। ਇਸ ਵਿਸ਼ਿਸ਼ਟ ਵਿਧਾਨ ਨੂੰ 'ਗੁਰਮਤਿ ਸੰਗੀਤ ਪ੍ਰਬੰਧ' ਕਿਹਾ ਜਾਂਦਾ ਹੈ,ਜਿਸ ਅਧੀਨ ਪ੍ਰਯੋਗ ਵਿਚ ਆਉਣ ਵਾਲੇ ਵਿਭਿੰਨ ਤੱਤਾਂ,ਰਾਗ,ਗਾਇਨ ਸ਼ੈਲੀਆਂ,ਰਹਾਉ,ਅੰਕ ਅਤੇ ਹੋਰ ਸੰਗੀਤਕ ਤੱਤ ਹਨ ਜੋ ਗਾਇਕ ਦਾ ਮਾਰਗ ਦਰਸ਼ਨ ਕਰਦੇ ਹਨ ਅਤੇ ਬਾਣੀ ਦੇ ਸੰਚਾਰ ਵਿਚ ਸਹਾਈ ਹੁੰਦੇ ਹਨ।

**<u>ਰਾਗਾਂ ਦੇ ਪ੍ਰਯੋਗ ਵਿਚ ਵਿਲੱਖਣਤਾ</u>**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਰਾਗਾਤਮਕ ਹੈ ਜੋ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿਚੋਂ ਇਸ ਨੂੰ ਸਰਵ ਉਚ ਸਥਾਨ ਪ੍ਰਧਾਨ ਕਰਨ ਹਿੱਤ ਸਹਾਈ ਹੁੰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਦਾ ਪ੍ਰਯੋਗ ਅਧਿਆਤਮ ਦ੍ਰਿਸ਼ਟੀ ਤੋਂ ਹੈ,ਇਸ ਵਿਚ ਬਾਣੀ /ਸ਼ਬਦ ਪ੍ਰਧਾਨ ਅਤੇ ਰਾਗ ਦਾ ਦੂਜੈਲਾ ਸਥਾਨ ਹੈ। ਗੁਰਮਤਿ ਸੰਗੀਤ ਅੰਤਰਗਤ ਰਾਗ ਦੀ ਨਾਦਾਤਮਕ ਸ਼ਕਤੀ ਨੂੰ ਸਵਿਕਾਰਿਆ ਗਿਆ ਹੈ ਅਤੇ ਰਾਗ ਉਸੇ ਨੂੰ ਉਤਮ,ਸੋਹਣਾ ਤੇ ਚੰਗਾ ਦਸਿਆ ਗਿਆ ਜਿਸ ਨਾਲ ਉਸ ਪ੍ਰਮਾਤਮਾ ਦਾ ਨਾਮ ਹਿਰਦੇ ਵਿਚ ਵੱਸ ਜਾਵੇ।

ਗੁਰੂ ਸਾਹਿਬਾਨ ਨੇ ਬਾਣੀ ਦੀ ਸਫਲ ਪ੍ਰਸਤੁਤੀ ਲਈ ਕਈ ਅਪ੍ਰਚਲਿਤ ਰਾਗਾਂ ਦਾ ਵੀ ਪ੍ਰਯੋਗ ਕੀਤਾ ਜੋ ਭਾਰਤੀ ਸੰਗੀਤ ਦੇ ਕਿਸੇ ਵੀ ਪ੍ਰਣਾਲੀ ਜਾਂ ਪਰੰਪਰਾ ਵਿਚ ਪ੍ਰਚੱਲਿਤ ਨਹੀਂ, ਉਦਾਹਰਣ ਦੇ ਤੋਰ 'ਤੇ ਰਾਗ ਮਾਝ,ਆਸਾ,ਵਡਹੰਸ,ਤੁਖਾਰੀ ਸਭ ਲੋਕ ਧੁਨਾਂ ਤੋਂ ਵਿਕਸਿਤ ਗੁਰਮਤਿ ਸੰਗੀਤ ਦੇ ਮੌਲਿਕ ਰਾਗ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਸੰਚਾਰ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਉਤਰੀ ਜਾਂ ਹਿੰਦੁਸਤਾਨੀ ਸੰਗੀਤ ਪੱਧਤੀ ਤੋਂ ਇਲਾਵਾ ਦੱਖਣੀ ਜਾਂ ਕਰਨਾਟਕੀ ਸੰਗੀਤ ਪੱਧਤੀ ਦੇ ਰਾਗਾਂ ਦਾ ਵੀ ਇਸਤੇਮਾਲ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਨਾਲ ਅੰਕਿਤ 'ਦਖਣੀ'ਸ਼ਬਦ ਦੱਖਣੀ ਪੱਧਤੀ ਦੇ ਰਾਗ ਹੋਣ ਦਾ ਸੂਚਕ ਹੈ,ਜਿਵੇਂ ਬਿਲਾਵਲ ਦਖਣੀ,ਵਡਹੰਸ ਦਖਣੀ,ਗਉੜੀ ਦਖਣੀ ਆਦਿ। ਇ੍ਹਨਾਂ ਰਾਗਾਂ ਦੇ ਕ੍ਰਿਆਤਮਕ ਸਰੂਪ ਕੇਵਲ ਦੱਖਣੀ ਪੱਧਤੀ ਵਿਚ ਹੀ ਪਾਏ ਜਾਂਦੇ ਹਨ। ਗੁਰੂ ਸਾਹਿਬਾਨ ਦਾ ਦੱਖਣੀ ਪੱਧਤੀ ਦੇ ਰਾਗਾਂ ਨੂੰ ਬਾਣੀ ਦੇ ਗਾਇਨ ਹਿੱਤ ਪ੍ਰਯੋਗ ਕਰਕੇ ਦੋਹਾਂ ਸੰਗੀਤ ਪੱਧਤੀਆਂ ਦੀ ਵਿਚਲੀ ਦੂਰੀ ਨੂੰ ਖਤਮ ਕਰਨ ਵਿਚ ਗੁਰਮਤਿ ਸੰਗੀਤ ਪਰੰਪਰਾ ਦਾ ਮਹਾਨ ਯੋਗਦਾਨ ਹੈ।

ਗੁਰਮਤਿ ਸੰਗੀਤ ਵਿਚ ਆਸਾ ਰਾਗ ਦਾ ਮਹੱਤਵਪੂਰਨ ਸਥਾਨ ਹੈ। ਇਸ ਰਾਗ ਦਾ ਗਾਇਨ 'ਆਸਾ ਦੀ ਵਾਰ' ਦੇ ਰੂਪ ਵਿਚ ਸਵੇਰੇ ਅਤੇ ਸ਼ਾਮ ਸਮੇਂ 'ਸੋ ਦਰੁ  ਦੇ ਰੂਪ ਵਿਚ ਕੀਤਾ ਜਾਂਦਾ ਹੈ। ਬਸੰਤ ਰੁੱਤ ਵਿਚ ਰਾਗ ਬਸੰਤ ਦੇ ਗਾਇਨ ਕਰਨ ਦੀ ਵਿਸ਼ੇਸ਼ ਪ੍ਰਥਾ ਹੈ। ਗੁਰਮਤਿ ਸੰਗੀਤ ਪਰੰਪਰਾ ਵਿਚ ਮਾਘੀ ਦੀ ਸੰਗਰਾਂਦ ਦੇ ਦਿਹਾੜੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੈਡ ਗ੍ਰੰਥੀ ਸਾਹਿਬ ਰਾਗੀ ਸਿੰਘਾਂ ਨੂੰ ਫੁੱਲ ਭੇਂਟ ਕਰਕੇ ਬਸੰਤ ਰਾਗ ਖੋਲ੍ਹਣ ਦੀ ਬੇਨਤੀ ਕਰਦੇ ਹਨ। ਬਸੰਤ ਰਾਗ ਖੁਸ਼ੀ ਦਾ ਭਰਿਆ ਅਤੇ ਖੇੜਾ ਲਿਆਉਣ ਵਾਲਾ ਰਾਗ ਹੈ। ਇਸ ਨੂੰ ਇ੍ਹਨਾਂ ਦਿਨਾਂ ਵਿਚ ਚਾਹੇ ਖੁਸ਼ੀ ਹੋਵੇ ਜਾਂ ਗਮੀ ਹੋਵੇ ਹਰ ਸਮਾਗਮ ਵਿਚ ਗਾਇਨ ਕਰਨ ਦੀ ਮਰਿਆਦਾ ਹੈ। ਬਸੰਤ ਰਾਗ ਦੇ ਗਾਇਨ ਕਰਨ ਦੀ ਇਹ ਪ੍ਰਕ੍ਰਿਆ ਹੋਲੇ ਮਹਲੇ ਤੱਕ ਇਸ ਤਰ੍ਹਾਂ ਜਾਰੀ ਰਹਿੰਦੀ ਹੈ ਅਤੇ ਇਨ੍ਹਾਂ ਦਿਨਾਂ ਵਿਚ ਸਾਰੰਗ ਰਾਗ ਬਿਲਕੁੱਲ ਨਹੀਂ ਗਾਇਆ ਜਾਂਦਾ। ਬਸੰਤ ਰਾਗ ਦੀ ਹਰ ਕੀਰਤਨ ਚੌਕੀ ਵਿਚ ਗਾਇਨ ਕਰਨ ਦੀ ਸਮਾਪਤੀ ਲਈ ਵਿਸੇਸ਼ ਪਰੰਪਰਾ ਹੈ। ਹੋਲੇ ਮਹੱਲੇ ਵਾਲੇ ਦਿਨ ਅਨੰਦਪੁਰ ਸਾਹਿਬ ਵਿਖੇ 'ਆਸਾ ਦੀ ਵਾਰ' ਦੇ ਕੀਰਤਨ ਉਪਰੰਤ ਬਸੰਤ ਰਾਗ ਦੀ ਸਮਾਪਤੀ ਲਈ ਅਰਦਾਸ ਕੀਤੀ ਜਾਂਦੀ ਹੈ ਅਤੇ ਇਸ ਤਰਾਂ ਰਾਗ ਬਸੰਤ ਦਾ ਗਾਇਨ ਅਗਾਮੀ ਸਾਲ ਤੱਕ ਬੰਦ ਕੀਤਾ ਜਾਂਦਾ ਹੈ। ਫਿਰ ਗੁਲਾਲ ਖੇਡਦੇ ਹੋਏ ਹੋਲੇ ਮਹੱਲੇ ਦਾ ਨਗਰ ਕੀਰਤਨ/ਜਲੂਸ ਕੱਢਿਆ ਜਾਂਦਾ ਜੈ ਅਤੇ ਹੋਲੀ ਦੇ ਸ਼ਬਦਾਂ ਦਾ ਗਇਨ ਕੀਤਾ ਜਾਂਦਾ ਹੈ।

ਸਾਵਣ ਮਹੀਨੇ ਵਿਚ ਰਾਗ ਮਲ੍ਹਾਰ ਦਾ ਰਾਜ ਹੁੰਦਾ ਹੈ। ਇਸ ਦਾ ਆਰੰਭ ਸਾਵਣ ਦੀ ਸੰਗਰਾਂਦ ਦੇ ਦਿਹਾੜੇ ਕੀਤਾ ਜਾਂਦਾ ਹੈ ਅਤੇ ਸਾਰਾ ਮਹੀਨਾ ਰਾਗ ਬਸੰਤ ਦੀ ਤਰ੍ਹਾਂ ਹਰ ਕੀਰਤਨ ਚੌਂਕੀ ਵਿਚ ਮਲ੍ਹਾਰ ਰਾਗ ਦੇ ਸ਼ਬਦ ਅਤੇ ਪਉੜੀ ਲਗਾਉਣ ਦੀ ਪਰੰਪਰਾ ਹੈ।

ਗੁਰਮਤਿ ਸੰਗੀਤ ਦੇ ਪੂਰਵ ਭਾਰਤੀ ਸੰਗੀਤ ਵਿਚ ਰਾਗਾਂ ਦੇ ਵਰਗੀਕਰਣ ਲਈ ਰਾਗ ਰਾਗਣੀ ਵਰਗੀਕਰਣ ਦਾ ਪ੍ਰਚਾਰ ਸੀ ਜੋ ਆਰੰਭ ਤੋਂ ਹੀ ਵਾਦ-ਵਿਵਾਦ ਦਾ ਸ਼ਿਕਾਰ ਰਿਹਾ ਹੈ। ਵਿਦਵਾਨਾਂ ਵਲੋਂ ਰਾਗਾਂ ਦੇ ਸਰੂਪਾਂ ਸੰਬੰਧੀ ਵੀ ਕਈ ਭਰਮ ਭੁਲੇਖੇ ਪਾਏ ਜਾਂਦੇ ਹਨ। ਅਜਿਹੇ ਸਮੇਂ ਗੁਰੂ ਸਾਹਿਬਾਨ ਨੇ

ਰਾਗ ਰਾਗਣੀ ਵਰਗੀਕਰਣ ਦੇ ਵਿਵਾਦ ਤੋਂ ਨਿਰਲੇਪ ਰਹਿੰਦੇ ਹੋਏ ਇਕ ਮੌਲਿਕ ਤੇ ਨਵੀਨ ਰਾਗ ਵਰਗੀਕਰਣ ਸਿਰਜਿਆ। ਇਸ ਵਿਚ ਰਾਗਾਂ ਦਾ ਵਰਗੀਕਰਣ ਸਿੱਧੇ ਤੇ ਸਰਲ ਵਿਧੀ ਦੁਆਰਾ ਕੀਤਾ ਗਿਆ ਹੈ ਜਿਸ ਵਿਚ ਸ਼ੁਧ,ਸਨਾਤਨੀ,ਪ੍ਰਮੱਖ ਤੇ ਪ੍ਰਚਲਿਤ ਰਾਗਾਂ ਨੂੰ ਪ੍ਰਮੁਖ ਸਵੀਕਾਰਿਆ ਗਿਆ ਹੈ ਅਤੇ ਮੁੱਖ ਰਾਗਾਂ ਅਧੀਨ ਉਨ੍ਹਾਂ ਦੇ ਪ੍ਰਕਾਰਾਂ ਨੂੰ ਨਿਰਧਾਰਤ ਕੀਤਾ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿਰਲੇਖ ਵਜੋਂ ਕਿਧਰੇ ਵੀ ਰਾਗਣੀ ਸ਼ਬਦ ਨਹੀਂ ਮਿਲਦਾ ਬੇਸ਼ਕ ਰਾਗਾਂ ਦੇ ਨਾਮ ਇਸਤਰੀ ਵਾਚਕ ਹੀ ਕਿਉ ਨਾ ਹੋਣ,ਉਦਾਹਰਣ ਦੇ ਤੋਰ 'ਤੇ ਧਨਾਸਰੀ, ਗਉੜੀ,ਸੂਹੀ.ਰਾਮਕਲੀ ਆਦਿ। ਗੁਰਮਤਿ ਸੰਗੀਤ ਵਿਚ ਪ੍ਰਯੋਗ ਕੀਤਾ ਗਿਆ ਰਾਗ ਵਰਗੀਕਰਣ ਗੁਰਮਤਿ ਸੰਗੀਤ ਲਈ ਲਾਹੇਵੰਦ ਅਤੇ ਭਾਰਤੀ ਸੰਗੀਤ ਲਈ ਸੇਧ ਪੂਰਨ ਹੈ।

**ਗਾਇਨ ਸ਼ੈਲੀਆਂ ਦੇ ਪ੍ਰਯੋਗ ਵਿਚ ਵਿੱਲਖਣਤਾ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂਆਂ ਨੇ ਸ਼ਾਸਤਰੀ (ਮਾਰਗੀ) ਅਤੇ ਲੋਕ (ਦੇਸੀ) ਗਾਇਨ ਸ਼ੈਲੀਆਂ ਦਾ ਪ੍ਰਯੋਗ ਕੀਤਾ ਹੈ । ਇਸ ਵਿਚ ਇਨ੍ਹਾਂ ਸ਼ੈਲੀਆਂ ਨੂੰ ਸੰਗੀਤਕ ਨਾਮ ਦੀ ਬਜਾਏ ਬਾਣੀ ਪ੍ਰਧਾਨ ਹੋਣ ਕਾਰਨ ਕਾਵਿਕ ਨਾਮ ਦਿਤਾ ਹੈ ਕਿਉਂ ਜੋ ਬਾਣੀ ਕਾਵਿਕ ਜਾਮੇ ਵਿਚ ਦਰਜ਼ ਹੈ। ਭਿੰਨ-ਭਿੰਨ ਸ਼ਾਸਤਰੀ ਅਤੇ ਲੋਕ ਗਾਇਨ ਸ਼ੈਲੀਆਂ ਉਤੇ ਅਧਾਰਿਤ ਹਨ। ਉਦਾਹਰਣ ਦੇ ਤੋਰ 'ਤੇ ਅਸ਼ਟਪਦੀ ਬਾਣੀ ਰੂਪ ਪ੍ਰਬੰਧ ਗਾਇਨ ਦੇ ਰੂਪ ਵਿਚ,ਪਦ ਬਾਣੀ ਰੂਪ ਧਰੁਪਦ ਗਾਇਨ ਦੇ ਰੂਪ ਵਿਚ। ਗੁਰਮਤਿ ਸੰਗੀਤ ਵਿਚ ਸ਼ਾਸਤਰੀ ਸ਼ੈਲੀਆਂ ਦੇ ਕੱਟੜ ਨਿਯਮਾਂ ਨੂੰ ਸਹਿਜ ਤੇ ਲੋਕ ਸ਼ੈਲੀਆਂ ਦੀ ਆਪ ਮੁਹਾਰੀ ਖੁੱਲ ਨੂੰ ਗੁਰਮਤਿ ਸੰਗੀਤ ਵਿਧਾਨ ਦੇ ਨਿਯਮਾਂ ਦਾ ਅੰਕੁਸ਼ ਲਗਾ ਦਿਤਾ ਹੈ। ਜਿਸ ਦੇ ਅੰਤਰਗਤ ਸ਼ਾਸਤਰੀ ਗਾਇਨ ਸ਼ੈਲੀਆਂ ਤੋਂ ਇਲਾਵਾ ਲੋਕ ਸ਼ੈਲੀਆਂ ਨੂੰ ਵੀ ਰਾਗਾਂ ਸਹਿਤ ਅੰਕਿਤ ਕੀਤਾ ਗਿਆ ਹੈ। ਉਦਾਹਰਣ ਦੇ ਤੋਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੱਖ-ਵੱਖ ਰਾਗਾਂ ਅਧੀਨ ਅੰਕਿਤ ਵਾਰਾਂ ਉਪਰ ਉਨ੍ਹਾਂ ਦੀਆਂ ਅਸਲ ਧੁਨਾਂ ਅਨੁਸਾਰ ਗਾਉਣ ਦਾ ਸੰਕੇਤ ਸ਼ਾਸਤਰੀ ਅਤੇ ਲੋਕ ਸੰਗੀਤ ਦਾ ਸੁਮੇਲ ਦ੍ਰਿਸ਼ਟੀਗੋਚਰ ਹੁੰਦਾ ਹੈ ਜੋ ਗੁਰਮਤਿ ਅਨੁਸ਼ਾਸਨ ਦਾ ਧਾਰਨੀ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਾਸਤਰੀ ਸੰਗੀਤ ਦੀ ਮੱਹਤਵਪੂਰਨ ਅਤੇ ਅਪ੍ਰਸਿੱਧ ਪੜਤਾਲ ਸ਼ੈਲੀ ਦੀ ਸਿਰਜਣਾ ਕੀਤੀ। ਪੜਤਾਲ ਸ਼ੈਲੀ ਅਧੀਨ ਸੰਬੰਧਿਤ ਰਾਗ ਅਧੀਨ ਸਥਾਈ ਤੁੱਕ ਦਾ ਗਾਇਨ ਕਿਸੇ ਇਕ ਤਾਲ ਵਿਚ ਕਰਨ ਤੋਂ ਬਾਅਦ ਅੰਤਰਿਆਂ ਦੀਆਂ ਤੁਕਾਂ ਦਾ ਭਿੰਨ-ਭਿੰਨ ਤਾਲਾਂ ਵਿਚ ਗਾਇਨ ਕੀਤਾ ਜਾਂਦਾ ਹੈ। ਇਸ ਵਿਚ ਹਰ ਅੰਤਰੇ ਦਾ ਗਾਇਨ ਕਰਨ ਤੋਂ ਬਾਅਦ ਸਥਾਈ ਦੀ ਤੁਕ ਦਾ ਗਾਇਨ ਕਰਨ ਲਈ ਮੁੜ ਸਥਾਈ ਤਾਲ ਵਿਚ ਪਰਤਿਆ ਜਾਂਦਾ ਹੈ। ਪੜਤਾਲ ਸ਼ੈਲੀ ਵਿਚ ਵਿਭਿੰਨ ਤਾਲਾਂ ਦੇ ਪ੍ਰਯੋਗ ਹੋਣ ਦੇ ਬਾਵਜੂਦ ਰਾਗ ਇਕ ਹੀ ਰਹਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੀਆਂ 19 ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀਆਂ 17 ਪੜਤਾਲਾਂ ਵਿਭਿੰਨ ਰਾਗਾਂ ਵਿਚ ਦਰਜ

ਹਨ। ਭਾਰਤੀ ਸੰਗੀਤ ਅਤੇ ਗੁਰੂ ਸਾਹਿਬਾਨ ਦੇ ਸਮਕਾਲੀ ਸੰਗੀਤ ਵਿਚ ਪੜਤਾਲ ਗਾਇਨ ਸ਼ੈਲੀ ਦਾ ਉਲੇਖ ਹੋਰ ਕਿਧਰੇ ਨਹੀਂ ਮਿਲਦਾ।

**ਵਿਵਹਾਰਕ ਕੀਰਤਨ ਚੌਕੀਆਂ ਦਾ ਪ੍ਰਯੋਗ**

ਗੁਰੂ ਸਾਹਿਬਾਨ ਨੇ ਗੁਰਮਤਿ ਸੰਗੀਤ ਨੂੰ ਵਿਵਹਾਰਕ ਰੂਪ ਵਿਚ ਸੰਸਥਾਗਤ ਪੱਧਰ 'ਤੇ ਸਥਾਪਿਤ ਕੀਤਾ। ਵੱਖ-ਵੱਖ ਸਮੇਂ ਉਤੇ ਸੰਬੰਧਿਤ ਰਾਗਾਂ ਵਿਚ ਹੋਣ ਵਾਲੀਆਂ ਸ਼ਬਦ ਗਾਇਨ ਪ੍ਰਸਤੁਤੀਆਂ ਨੂੰ ਭਿੰਨ-ਭਿੰਨ ਚੌਕੀਆਂ ਦਾ ਨਾਮ ਦਿਤਾ ਗਿਆ ਹੈ। ਇਸ ਪਰੰਪਰਾ ਵਿਚ ਚਾਰ ਚੌਕੀਆਂ ਪ੍ਰਚੱਲਿਤ ਹਨ:ਆਸਾ ਦੀ ਵਾਰ ਦੀ ਚੌਕੀ,ਬਿਲਾਵਲ ਦੀ ਚੌਕੀ,ਸੋ ਦਰੁ ਦੀ ਚੌਕੀ,ਆਰਤੀ ਦੀ ਚੌਕੀ। ਇਨ੍ਹਾਂ ਚੌਕੀਆਂ ਦੇ ਰੂਪ ਵਿਚ ਨਿਤਾਪ੍ਰਤੀ ਅਤੇ ਜੀਵਨ ਦੇ ਵੱਖ-ਵੱਖ ਰਸਮਾਂ,ਉਤਸਵਾਂ,ਅਵਸਰਾਂ ਅਤੇ ਮੌਸਮਾਂ ਆਦਿ 'ਤੇ ਬਕਾਇਦਾ ਗਾਉਣ ਦੀ ਪਰੰਪਰਾ ਦਾ ਵਿਵਹਾਰਕ ਰੂਪ ਵਿਚ ਪ੍ਰਚਲਨ ਕੀਤਾ। ਉਦਾਹਣ ਦੇ ਤੋਰ 'ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਚੌਕੀਆਂ ਅਨੁਸਾਰ ਗੁਰਬਾਣੀ ਕੀਰਤਨ ਦੀਆਂ ਨਿਰੰਤਰ ਧੁਨੀਆਂ ਅੱਜ ਵੀ ਉਸੇ ਤਰ੍ਹਾਂ ਹੀ ਚੱਲ ਰਹੀਆਂ ਹਨ।

**ਸੰਗੀਤ ਪ੍ਰਬੰਧ ਵਿਚ ਵਿਲੱਖਣਤਾ**

ਗੁਰਬਾਣੀ ਵਿਚ ਕਾਵਿ ਅਤੇ ਸੰਗੀਤ ਦੇ ਪੱਖੋਂ ਰਹਾਉ ਇਕ ਮਹੱਤਵਪੂਰਨ ਇਕਾਈ ਹੈ। ਰਹਾਉ ਦੀ ਤੁਕ ਵਿਚ ਸ਼ਬਦ ਦਾ ਕੇਂਦਰੀ ਭਾਵ ਮੌਜੂਦ ਹੁੰਦਾ ਹੈ ਅਤੇ ਬਾਣੀ/ਸ਼ਬਦ ਦੇ ਭਾਵਾਂ ਨੂੰ ਪ੍ਰਕਾਸ਼ਮਾਨ ਕਰਨ,ਦ੍ਰਿੜਤਾ ਪੈਦਾ ਕਰਨ ਹਿੱਤ ਰਹਾਉ ਦੀ ਤੁਕ ਦਾ ਬਾਰ-ਬਾਰ ਗਾਇਨ ਕਰਨ ਦੀ ਪਰੰਪਰਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਪ੍ਰਧਾਨ ਦੇ ਉਦੇਸ਼ ਨੂੰ ਮੁੱਖ ਰੱਖਕੇ ਮਹੱਤਵਪੂਰਨ ਵਿਸ਼ੇਸ਼ਤਾ ਇਹ ਹੈ ਕਿ ਜਿਥੇ ਕਿਤੇ ਭਾਵ ਪਰਿਵਰਤਨ ਹੋ ਗਿਆ ਤਾਂ ਉਥੇ ਇਕ ਤੋਂ ਵਧੀਕ ਰਹਾਉ ਵਰਤੇ ਗਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕਈ ਸ਼ਬਦਾਂ ਵਿਚ ਰਹਾਉ ਦੋ,ਰਹਾਉ ਤਿੰਨ,ਰਹਾਉ ਚਾਰ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ ਜੋ ਬਾਣੀ ਦੀ ਵਿਚਾਰ ਅਤੇ ਸੰਗੀਤਕ ਸੰਚਾਰ ਲਈ ਅਹਿਮ ਭੂਮਕਾ ਨਿਭਾਉਦੇ ਹਨ।

ਗੁਰਮਤਿ ਸੰਗੀਤ ਵਿਚ ਸ਼ਬਦ-ਗਾਇਨ-ਪ੍ਰਸੁਤੁਤੀ ਅਧੀਨ ਕੀਰਤਨੀਆਂ ਜਾਂ ਗਾਇਕ ਕਿਸੇ ਸੰਗੀਤਕ ਆਨੰਦ ਪ੍ਰਦਾਨ ਕਰਨ ਦੀ ਬਜਾਏ ਬਾਣੀ ਦੇ ਅੰਤਰਨਿਹਿਤ ਪਰਮਸਤਿ ਦਾ ਅਨੁਭਵ ਤੇ ਬੋਧ ਕਰਵਾਉਂਦਾ ਹੈ। ਗੁਰਮਤਿ ਸੰਗੀਤ ਸੰਪੂਰਨ ਸਮਰਪਣ ਦੀ ਮੰਗ ਕਰਦਾ ਹੈ। ਗੁਰਮਤਿ ਸੰਗੀਤ ਪ੍ਰਬੰਧ ਅਨੁਸਾਰ ਹਉਂ ਰਹਿਤ ਸਹਿਜ ਅਵਸਥਾ ਵਿਚ ਸ਼ਬਦ ਦੀ ਪ੍ਰਸਤੁਤੀ ਹੁੰਦੀ ਹੈ।

ਉਕਤ ਵਿਸ਼ੇਸ਼ ਲੱਛਣਾਂ ਤੇ ਸੰਗੀਤ ਪ੍ਰਬੰਧ ਤੋਂ ਗੁਰਮਤਿ ਸੰਗੀਤ ਦਾ ਨਿਵੇਕਲਾ ਸਰੂਪ ਪ੍ਰਗਟ ਹੁੰਦਾ ਹੈ ਜੋ ਇਸ ਨੂੰ ਭਾਰਤੀ ਤੇ ਵਿਸ਼ਵ ਦੀਆਂ ਦੂਸਰੀਆਂ ਸੰਗੀਤ ਪਰੰਪਰਾਵਾਂ ਨਾਲੋਂ ਅਲੱਗ ਕਰ ਦਿੰਦਾ ਹੈ।

ਐਸੋਸੀਏਟ ਪ੍ਰੋਫੈਸਰ, ਸੰਗੀਤ ਵਿਭਾਗ, ਗੌਰਮਿੰਟ ਕਾਲਜ, ਰੋਪੜ, ਮੋਬਾ: 96460 74400

## ਸੁਰ ਲਿਪੀ : ਡਾ. ਜਬਰਜੰਗ ਸਿੰਘ

| | | | |
|---|---|---|---|
| ਰਾਗ | : ਧਨਾਸਰੀ | ਜਾਤੀ | : ਔੜਵ – ਸੰਪੂਰਨ |
| ਥਾਟ | : ਕਾਫੀ | ਵਾਦੀ ਸੁਰ | : ਪੰਚਮ (ਪ) |
| ਸੁਰ | : ਗੁ, ਨ਼ੀ ਕੋਮਲ, ਬਾਕੀ ਸ਼ੁੱਧ | ਸੰਵਾਦੀ ਸੁਰ | : ਸ਼ੜਜ (ਸ) |
| ਵਰਜਿਤ ਸੁਰ | : ਆਰੋਹ ਵਿੱਚ ਰਿਸ਼ਭ ਅਤੇ ਧੈਵਤ | ਸਮਾਂ | : ਦਿਨ ਦਾ ਤੀਸਰਾ ਪਹਿਰ |
| ਆਰੋਹ | : ਸ ਗੁ, ਮ ਪ, ਨ਼ੀ ਸਂ | ਅਵਰੋਹ | : ਸਂ ਨ਼ੀ ਧ ਪ, ਮ ਪ ਗੁ, ਰੇ ਸ |

ਵਿਸ਼ੇਸ਼ ਸੁਰ ਸੰਗਤੀ : ਸ ਗੁ ਮ ਪ, ਨ਼ੀ ਧ ਪ, ਪ ਗੁ ਮ ਗੁ ਰੇ ਸ।

### <u>ਰਾਗ ਧਨਾਸਰੀ (ਤਿੰਨ ਤਾਲ)</u>

**ਸਥਾਈ :**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | | | | | | | ਪ | ਗੁ | ਮ |
| | | | | | | | | | | | | | ਸਤਿ | ਗੁ | ਰਿ |
| ਪ | ਸਂਨ਼ੀ | ਸਂ | – | – | ਪਨ਼ੀ | ਸਂਰੇਂ | ਨ਼ੀਸਂ | ਨ਼ੀ | ਧ | ਪ | – | – | ਪ | ਗੁ | ਮ |
| ਪੂ | SS | ਰੈ | S | S | ਕੀS | ਨੀS | SS | ਦਾ | S | ਤਿ | S | S | ਹਰਿ | ਹ | ਰਿ |
| ਗੁ | ਰੇ | ਸ | ਸ | ਨ਼ੀ | ਸ | ਗੁ | ਮ | ਪ | ਮ | ਪ | – | – | ਪਨ਼ੀ | ਸਂ | ਗੁਂ |
| ਨਾ | S | ਮੁ | ਦੀ | ਓ | S | ਕੀ | ਰ | ਤ | ਨ | ਕਉ | S | S | ਭਈ | S | ਹ |
| ਰੇਂ | – | ਸਂ | – | ਰੇਂ | ਨ਼ੀ | ਸਂ | ਨ਼ੀ | ਧ | ਪ | ਗੁਮ | ਪ | – | | | |
| ਮਾ | S | ਰੀ | S | ਗਾ | S | S | S | ਤਿ | S | SS | S | S | | | |

**ਅੰਤਰਾ :**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | | | | | ਪ | ਗੁਮ | ਪ | ਨ਼ੀ |
| | | | | | | | | | | | | ਛ | ਡਾS | ਇ | ਲੀ |
| ਸਂ | – | – | – | – | ਪਨ਼ੀ | ਸਂ | ਗੁਂ | ਰੇਂ | – | ਸਂ | – | – | ਰੇਂ | ਨ਼ੀ | – |
| ਓ | S | S | S | S | ਮS | ਹਾ | ਬ | ਲੀ | S | ਤੇ | S | S | ਅਪ | ਨੇ | S |
| – | ਸਂ | ਨ਼ੀ | ਨ਼ੀ | ਧ | ਮ | ਪਸਂ | ਨ਼ੀਸਂ | ਧ | – | ਪ | – | – | ਪ | ਗੁ | ਮ |
| S | ਚਰ | ਨ | ਪ | ਰਾ | S | SS | SS | ਤਿ | S | S | S | S | ਏ | ਕੁ | ਨਾ |
| ਗੁ | ਰੇ | ਸ | ਸ | ਨ਼ੀ | ਸ | ਗੁ | ਮ | ਪ | ਮ | ਪ | – | – | ਪਨ਼ੀ | ਸਂ | ਗੁਂ |
| S | S | ਮੁ | ਦੀ | ਓ | S | ਮ | ਨ | ਮੰ | S | ਤਾ | S | S | ਬਿਨ | ਸਿ | ਨ |
| ਰੇਂ | ਰੇਂ | ਸਂ | – | ਰੇਂ | ਨ਼ੀ | ਸਂ | ਨ਼ੀ | ਧ | ਪ | ਗੁਮ | ਪ | – | | | |
| ਕ | ਤ | ਹੂ | S | ਜਾ | S | S | S | ਤਿ | S | SS | S | S | | | |
| × | | | | 2 | | | | 0 | | | | 3 | | | |

ਧਨਾਸਰੀ ਮਹਲਾ ੫ ॥

Dhanaasaree, Fifth Mehl:

ਛਡਾਇ ਲੀਓ ਮਹਾਬਲੀ ਤੇ ਅਪਨੇ ਚਰਨ ਪਰਾਤਿ ॥

He has saved me from the awful power of Maya, by attaching me to His feet.

ਏਕੁ ਨਾਮੁ ਦੀਓ ਮਨ ਮੰਤਾ ਬਿਨਸਿ ਨ ਕਤਹੂ ਜਾਤਿ ॥੧॥

He gave my mind the Mantra of the Naam, the Name of the One Lord, which shall never perish or leave me. ||1||

ਸਤਿਗੁਰਿ ਪੂਰੈ ਕੀਨੀ ਦਾਤਿ ॥

The Perfect True Guru has given this gift.

ਹਰਿ ਹਰਿ ਨਾਮੁ ਦੀਓ ਕੀਰਤਨ ਕਉ ਭਈ ਹਮਾਰੀ ਗਾਤਿ ॥ ਰਹਾਉ ॥

He has blessed me with the Kirtan of the Praises of the Name of the Lord, Har, Har, and I am emancipated. ||Pause||

ਅੰਗੀਕਾਰੁ ਕੀਓ ਪ੍ਰਭਿ ਅਪੁਨੈ ਭਗਤਨ ਕੀ ਰਾਖੀ ਪਾਤਿ ॥

My God has made me His own, and saved the honor of His devotee.

ਨਾਨਕ ਚਰਨ ਗਹੇ ਪ੍ਰਭ ਅਪਨੇ ਸੁਖੁ ਪਾਇਓ ਦਿਨ ਰਾਤਿ ॥੨॥੧੦॥੪੧॥

Nanak has grasped the feet of his God, and has found peace, day and night. ||2||10||41||


**POSITIVE THINKING**

**GOD HAS FOUR GIFTS FOR YOU**

A **KEY** for every **PROBLEM**

A **LIGHT** for every **SHADOW**

A **PLAN** for every **TOMORROW** &

A **JOY** for every **SORROW**

***With best Compliments from a Well Wisher***

# BHAI BAKHSHISH SINGH JI

ੴ

ਗੁਰਬਾਣੀ ਕੀਰਤਨ

ਪ੍ਰਸਿੱਧ ਕੀਰਤਨੀਏ

ਭਾਈ ਬਖਸ਼ੀਸ਼ ਸਿੰਘ ਜੀ

Dedicated to : S. Harkishan Singh Dhupia

Special thanks S. Mohinder Singh Bindra

MP3

AMRIT KIRTAN

# 422, Sector 15-A, Chandigarh

Ph : 0172-2772660, 098140 53630

e-mail : drjagirsingh@gmail.com

www.amritkirtan.com

ਇਸ ਸੀ. ਡੀ. ਨੂੰ ਮੁਫਤ ਪ੍ਰਾਪਤ ਕਰਨ ਲਈ ਆਪਣਾ ਨਾਮ ਅਤੇ ਐਡਰੈਸ

ਮੋਬਾਇਲ ਨੰ: 09814053630

ਉੱਤੇ ਐਸ. ਐੱਮ. ਐਸ. ਕਰੋ ਜੀ

## ਅੰਮ੍ਰਿਤ ਕੀਰਤਨ

# 422, ਸੈਕਟਰ 15-ਏ, ਚੰਡੀਗੜ੍ਹ-160 015

ਮੋਬਾਇਲ : 09814053630

**E-mail : drjagirsingh@gmail.com Website : www.amritkirtan.com**

Postal Regd. No. G/CHD /0045/2012-14 RNI Regd. No. 46788/89 ISSN 0972-2335

